ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸੋਮਵਾਰ, 7 ਅਕਤੂਬਰ 2024 (ਨਾਨਕਸ਼ਾਹੀ ਸੰਮਤ : ੫੫੬, ੨੨ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




### ਅਚਾਨਕ ਥਾਣੇ ਪਹੁੰਚੀ ਐਸ.ਪੀ. ਪੂਜਾ ਅਵਾਨਾ

## ਲਾਇਨ ਵਿੱਚ ਖੜ੍ਹੇ ਕੀਤੇ 24 ਮੁਲਾਜ਼ਮ, ਸਾਰਿਆਂ ਨੂੰ ਕਰ ਦਿੱਤਾ ਸਸਪੈਂਡ

ਜੈਪੁਰ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)- ਰਾਜਸਥਾਨ ਦੇ ਇਕ ਪੁਲਿਸ ਥਾਣੇ ਦੇ ਸਾਰੇ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਜਾਣਕਾਰੀ ਮਿਲੀ ਹੈ ਕਿ ਐਸਪੀ ਅਚਾਨਕ ਥਾਣੇ ਪਹੁੰਚੇ ਅਤੇ 24 ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ। ਇਨ੍ਹਾਂ ਵਿਚ ਇਕ ਡੀਐਸਪੀ ਵੀ ਸ਼ਾਮਲ ਹੈ।



ਦਰਅਸਲ, ਫਲੋਦੀ ਵਿਚ ਬਲਾਤਕਾਰ ਦੇ ਮੁਲਜ਼ਮ ਨੇ ਥਾਣੇ ਦੇ ਅੰਦਰ ਖੁਦਕੁਸ਼ੀ ਕਰ ਲਈ। ਥਾਣੇ ਵਿਚ ਇੰਨੀ ਗਿਣਤੀ ਵਿਚ ਪੁਲਿਸ ਕਰਮਚਾਰੀਆਂ ਦੀ ਮੌਜੂਦਗੀ ਦੇ ਬਾਵਜੂਦ ਮੁਲਜ਼ਮ ਨੇ ਫਾਹਾ ਲੈ ਲਿਆ। ਸੂਚਨਾ ਮਿਲਦੇ ਹੀ ਫਲੋਦੀ ਦੀ ਐਸਪੀ ਪੂਜਾ ਅਵਾਨਾ ਵੀ ਥਾਣੇ ਪਹੁੰਚ ਗਈ ਅਤੇ ਅਜਿਹੀ ਕਾਰਵਾਈ ਕੀਤੀ ਕਿ ਪੂਰਾ ਥਾਣਾ ਖਾਲੀ ਹੋ ਗਿਆ। ਐਸਪੀ ਪੂਜਾ ਅਵਾਨਾ ਨੇ ਦੇਚੂੰ ਥਾਣੇ ਵਿੱਚ ਤਾਇਨਾਤ ਸਾਰੇ 24 ਪੁਲਿਸ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ। ਸਾਰਾ ਥਾਣਾ ਬਾਕੀ ਸਫ਼ਾ-2 'ਤੇ

### ਪੰਜਾਬ ਪੁਲਿਸ ਦੀ ਮੁੜ ਹੋਈ ਫਜ਼ੀਹਤ !

## ਮੈਡੀਕਲ ਚੈੱਕਅੱਪ ਲਈ ਲਿਆਂਦਾ ਕੈਦੀ ਐਸਐਚਓ ਤੋਂ ਹੱਥ ਛੁਡਵਾ ਹੋਇਆ ਫ਼ਰਾਰ

ਜਲੰਧਰ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)- ਸਿਵਲ ਹਸਪਤਾਲ ਜਲੰਧਰ ਤੋਂ ਥਾਣਾ ਜੀਆਰਪੀ ਦੀ ਹਿਰਾਸਤ ਵਿੱਚੋਂ ਇੱਕ ਕੈਦੀ ਫਰਾਰ ਹੋ ਗਿਆ। ਪੁਲਿਸ ਨੇ ਇਸ ਸਬੰਧੀ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ ਵਿੱਚ ਥਾਣਾ ਡਵੀਜ਼ਨ ਨੰਬਰ-4 ਦੀ ਪੁਲਿਸ ਨੇ ਇੰਸਪੈਕਟਰ ਪਲਵਿੰਦਰ ਸਿੰਘ ਦੇ ਬਿਆਨਾਂ 'ਤੇ ਮੁਲਜ਼ਮ ਸੁਖਵੀਰ ਸਿੰਘ ਖ਼ਿਲਾਫ਼ ਧਾਰਾ 262 ਤਹਿਤ ਕੇਸ ਦਰਜ ਕਰ ਲਿਆ ਹੈ। ਫਿਲਹਾਲ ਦੋਸ਼ੀ ਦੀ ਗ੍ਰਿਫਤਾਰੀ ਨਹੀਂ ਹੋਈ ਹੈ। ਪੁਲਿਸ ਉਸ ਦੀ ਲਗਾਤਾਰ ਭਾਲ ਕਰ ਰਹੀ ਹੈ। ਇੰਸਪੈਕਟਰ ਪਲਵਿੰਦਰ ਸਿੰਘ ਦੇ ਬਿਆਨਾਂ 'ਤੇ ਦਰਜ ਕੀਤੀ ਗਈ ਐਫਆਈਆਰ ਵਿੱਚ ਕਿਹਾ ਗਿਆ ਹੈ ਕਿ ਉਕਤ ਮੁਲਜ਼ਮ ਖ਼ਿਲਾਫ਼ ਸਾਲ 2022 ਵਿੱਚ ਜਲੰਧਰ ਜੀਆਰਪੀ ਦੀ ਪੁਲਿਸ ਵੱਲੋਂ ਬਾਕੀ ਸਫ਼ਾ-2 'ਤੇ

## ਕਾਂਗਰਸ ਤੇ ਅਕਾਲੀ ਦਲ ਦੇ ਗੁੰਡਿਆਂ ਨੇ ਕੁੱਟੇ ਆਪ ਦੇ ਵਰਕਰ, ਪਹਿਲੀ ਵਾਰ ਪੀੜਤ ਹੋਈ ਸੱਤਾਧਾਰੀ ਧਿਰ, ਆਪ ਦਾ ਦਾਅਵਾ

ਚੰਡੀਗੜ੍ਹ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)- ਪੰਜਾਬ ਵਿੱਚ 15 ਅਕਤੂਬਰ ਨੂੰ ਹੋਣ ਵਾਲੀਆਂ ਪੰਚਾਇਤੀ ਚੋਣਾਂ ਵਿੱਚ ਸਰਪੰਚ ਦੇ ਅਹੁਦਿਆਂ ਲਈ 52,000 ਤੋਂ ਵੱਧ ਨਾਮਜ਼ਦਗੀਆਂ ਤੇ ਪੰਚ ਲਈ 1.66 ਲੱਖ ਤੋਂ ਵੱਧ ਨਾਮਜ਼ਦਗੀਆਂ ਦਾਖ਼ਲ ਹੋਈਆਂ ਹਨ। ਇਸ ਮੌਕੇ ਵਿਰੋਧੀਆਂ ਵੱਲੋਂ ਤਾਂ ਧੱਕੇਸ਼ਾਹੀ ਦੇ ਇਲਜ਼ਾਮ ਲਾਏ ਹੀ ਗਏ ਹਨ ਪਰ ਹੁਣ ਸੱਤਧਾਰੀਆਂ ਨੇ ਵੀ ਇਹੀ ਬਾਕੀ ਸਫ਼ਾ-2 'ਤੇ






### ਪੰਜਾਬ ਦੀ ਅਜੀਬੋ-ਗਰੀਬ ਪੰਚਾਇਤ !

# ਪਿੰਡ 'ਚ 5000 ਤੋਂ ਵੀ ਵੱਧ ਪ੍ਰਵਾਸੀ ਵੋਟਾਂ, ਪੰਜਾਬੀਆਂ ਦੀਆਂ ਸਿਰਫ 900 ਵੋਟਾਂ

ਪੰਜਾਬ ਅੰਦਰ ਹੋ ਰਹੀਆਂ ਪੰਚਾਇਤੀ ਚੋਣਾਂ ਨੂੰ ਲੈ ਕੇ ਹੈਰਾਨ ਕਰ ਦੇਣ ਵਾਲੀ ਰਿਪੋਰਟ ਸਾਹਮਣੇ ਆਈ ਹੈ। ਪੰਜਾਬ ਦਾ ਇੱਕ ਅਜਿਹਾ ਪਿੰਡ ਹੈ ਜਿੱਥੇ ਪੰਜਾਬੀਆਂ ਦੀ ਵੋਟ ਤਾਂ ਸਿਰਫ 900 ਦੇ ਕਰੀਬ ਹੈ ਪਰ ਪਰਵਾਸੀਆਂ ਦੀਆਂ ਵੋਟਾਂ 5000 ਤੋਂ ਵੀ ਵੱਧ ਹਨ....

### ਆਵਾਜ਼ਿ ਕੌਮ ਦੀ ਵਿਸ਼ੇਸ਼ ਰਿਪੋਰਟ

ਪੰਜਾਬ ਅੰਦਰ ਹੋ ਰਹੀਆਂ ਪੰਚਾਇਤੀ ਚੋਣਾਂ ਨੂੰ ਲੈ ਕੇ ਹੈਰਾਨ ਕਰ ਦੇਣ ਵਾਲੀ ਰਿਪੋਰਟ ਸਾਹਮਣੇ ਆਈ ਹੈ। ਪੰਜਾਬ ਦਾ ਇੱਕ ਅਜਿਹਾ ਪਿੰਡ ਹੈ ਜਿੱਥੇ ਪੰਜਾਬੀਆਂ ਦੀ ਵੋਟ ਤਾਂ ਸਿਰਫ 900 ਦੇ ਕਰੀਬ ਹੈ ਪਰ ਪਰਵਾਸੀਆਂ ਦੀਆਂ ਵੋਟਾਂ 5000 ਤੋਂ ਵੀ ਵੱਧ ਹਨ। ਇਸ ਨਾਲ ਮੁਹਾਲੀ ਬਲਾਕ ਅਧੀਨ ਪੈਂਦੇ ਪਿੰਡ ਜਗਤਪੁਰਾ ਵਿੱਚ ਅਜੀਬੋ-ਗਰੀਬ ਸਥਿਤੀ ਬਣ ਗਈ ਹੈ। ਉਧਰ, ਚੋਣ ਕਮਿਸ਼ਨਰ ਕਮਲ ਚੌਧਰੀ ਨੇ ਚੋਣਾਂ ਕਰਾਉਣ 'ਤੇ ਰੋਕ ਲਾ ਦਿੱਤੀ ਹੈ। ਹੁਣ ਇਸ ਪਿੰਡ ਦੀਆਂ ਚੋਣਾਂ 15 ਅਕਤੂਬਰ ਨੂੰ ਨਹੀਂ ਹੋਣਗੀਆਂ। ਚੋਣ ਕਮਿਸ਼ਨਰ ਨੇ ਜ਼ਿਲ੍ਹਾ ਚੋਣ ਅਫ਼ਸਰ ਨੂੰ ਦਿੱਤੇ ਹੁਕਮਾਂ ਵਿੱਚ ਪਿੰਡ ਜਗਤਪੁਰਾ ਦੀ ਵੋਟਰ ਲਿਸਟ ਵਿੱਚ ਸ਼ਾਮਲ ਕੀਤੀਆਂ ਗਈਆਂ ਗੁਰੂ ਨਾਨਕ ਕਲੋਨੀ ਦੀਆਂ ਵੋਟਾਂ ਨੂੰ ਵੋਟਰ ਸੂਚੀ ਵਿੱਚੋਂ ਹਟਾ ਕੇ ਪੰਚਾਇਤੀ ਚੋਣ ਕਰਾਏ ਜਾਣ ਲਈ ਕਿਹਾ ਹੈ। ਮੁਹਾਲੀ ਦੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਰਾਜ ਚੋਣ ਕਮਿਸ਼ਨਰ ਦੇ ਨਿਰਦੇਸ਼ਾਂ ਦੇ ਮੱਦੇਨਜ਼ਰ ਐਸਡੀਐਮ ਮੁਹਾਲੀ ਨੂੰ ਪੱਤਰ ਲਿਖ ਕੇ ਜਗਤਪੁਰਾ ਦੀ ਪੰਚਾਇਤੀ ਚੋਣ ਤੁਰੰਤ ਰੱਦ ਕਰਨ ਲਈ ਆਖਿਆ ਹੈ। ਜਗਤਪੁਰਾ ਦੇ ਭੰਗ ਹੋਈ ਪੰਚਾਇਤ ਵਿੱਚ ਅਧਿਕਾਰਿਤ ਪੰਚ ਵਜੋਂ ਸੇਵਾਵਾਂ ਨਿਭਾਉਂਦੇ ਰਹੇ ਕੁਲਦੀਪ ਸਿੰਘ ਧਨੋਆ ਵੱਲੋਂ ਆਪਣੇ ਵਕੀਲ ਡੀਕੇ ਸਾਲਦੀ ਰਾਹੀਂ ਚੋਣ ਕਮਿਸ਼ਨਰ ਕੋਲ ਪਟੀਸ਼ਨ ਦਾਇਰ ਕੀਤੀ ਗਈ ਸੀ। ਉਨ੍ਹਾਂ ਪਿੰਡ ਦੀ ਵੋਟਰ ਸੂਚੀ ਵਿੱਚ ਗੁਰੂ ਨਾਨਕ ਕਲੋਨੀ ਬਾਕੀ ਸਫ਼ਾ-2 'ਤੇ

## ਪੰਚਾਇਤੀ ਚੋਣਾਂ 'ਚ ਖ਼ੂਨੀ ਜੰਗ ! ਸੀ.ਐਮ. ਭਗਵੰਤ ਮਾਨ ਦੀਆਂ ਨਸੀਹਤਾਂ ਤੋਂ ਬੇਪ੍ਰਵਾਹ ਲੀਡਰ



ਚੰਡੀਗੜ੍ਹ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)-ਪੰਚਾਇਤੀ ਚੋਣਾਂ ਅੰਦਰ ਵਿਰੋਧੀ ਧਿਰਾਂ ਤਾਂ ਛੱਡੋ ਆਮ ਆਦਮੀ ਪਾਰਟੀ ਦੇ ਲੀਡਰਾਂ ਤੇ ਵਰਕਰਾਂ ਨੇ ਵੀ ਮੁੱਖ ਮੰਤਰੀ ਭਗਵੰਤ ਮਾਨ ਦੀ ਨਸੀਹਤ ਨੂੰ ਕੋਈ ਤਵੱਜੋਂ ਨਹੀਂ ਦਿੱਤੀ। ਸੀਐਮ ਮਾਨ ਨੇ ਸਿਆਸੀ ਪਾਰਟੀਆਂ ਨੂੰ ਪੰਚਾਇਤੀ ਚੋਣਾਂ ਤੋਂ ਦੂਰ ਰਹਿਣ ਲਈ ਕਿਹਾ ਸੀ ਪਰ ਇਸ ਵਾਰ ਤਾਂ ਪਹਿਲਾਂ ਨਾਲੋਂ ਵੀ ਬਾਕੀ ਸਫ਼ਾ-2 'ਤੇ

### ਸੀਐਮ ਮਾਨ ਨੇ ਕਿਸਾਨਾਂ ਨੂੰ ਫ਼ਾਇਦਾ ਲੈਣ ਦੀ ਕੀਤੀ ਅਪੀਲ

## ਪਰਾਲੀ ਸਾਂਭਣ ਲਈ ਸਹਿਕਾਰੀ ਬੈਂਕਾਂ ਤੋਂ 80 ਫੀਸਦੀ ਤੱਕ ਸਬਸਿਡੀ 'ਤੇ ਮਿਲੇਗਾ ਕਰਜ਼ਾ

ਚੰਡੀਗੜ੍ਹ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)-ਮੁੱਖ ਮੰਤਰੀ ਨੇ ਕਿਹਾ ਕਿ ਇਸ ਸਕੀਮ ਦਾ ਮੁੱਖ ਮੰਤਵ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਦੇ ਢੁਕਵੇਂ ਪ੍ਰਬੰਧਨ ਲਈ ਮਸ਼ੀਨਰੀ ਖਰੀਦਣ ਲਈ ਕਰਜ਼ਾ ਆਸਾਨੀ ਨਾਲ ਉਪਲਬਧ ਕਰਵਾਉਣਾ ਹੈ ਤਾਂ ਜੋ ਪਰਾਲੀ ਸਾੜਨ ਨਾਲ ਹੋਣ ਵਾਲੇ ਵਾਤਾਵਰਨ ਪ੍ਰਦੂਸ਼ਣ ਨੂੰ ਰੋਕਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਹ ਸਕੀਮ ਰਾਜ ਸਹਿਕਾਰੀ ਬੈਂਕ ਚੰਡੀਗੜ੍ਹ ਅਤੇ ਜ਼ਿਲ੍ਹਾ ਸਹਿਕਾਰੀ ਬੈਂਕਾਂ ਦੀਆਂ 802 ਸ਼ਾਖਾਵਾਂ ਵਿੱਚ ਸ਼ੁਰੂ ਕੀਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਸਾਨ ਸਰਲ ਅਤੇ ਆਸਾਨ ਵਿਧੀ ਰਾਹੀਂ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪਿੰਡਾਂ ਦੀਆਂ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ (ਪੀ.ਏ.ਸੀ.) ਅਤੇ ਹੋਰ ਅਗਾਂਹਵਧੂ ਕਿਸਾਨ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਪ੍ਰਾਇਮਰੀ ਐਗਰੀਕਲਚਰ ਕੋਆਪ੍ਰੇਟਿਵ ਸੁਸਾਇਟੀਆਂ ਜਾਂ ਹੋਰ ਅਦਾਰੇ ਕਾਮਨ ਹਾਇਰਿੰਗ ਸੈਂਟਰ (ਸੀ.ਐਚ.ਸੀ.) ਸਕੀਮ ਅਧੀਨ ਖੇਤੀ ਸੰਦਾਂ ਦੀ ਖ਼ਰੀਦ 'ਤੇ 80 ਫੀਸਦੀ ਸਬਸਿਡੀ ਦਾ ਲਾਭ ਲੈ ਸਕਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸੇ ਤਰ੍ਹਾਂ ਅਗਾਂਹਵਧੂ ਕਿਸਾਨ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਬੇਲਰ ਅਤੇ ਸੁਪਰਸੀਡਰਾਂ ਵਰਗੇ ਖੇਤੀ ਸੰਦਾਂ ਦੀ ਖ਼ਰੀਦ 'ਤੇ 50 ਫੀਸਦੀ ਸਬਸਿਡੀ ਦੇ ਹੱਕਦਾਰ ਹੋਣਗੇ। ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਇਹ ਸਕੀਮ ਬਾਕੀ ਸਫ਼ਾ-2 'ਤੇ



### ਕਿਸਾਨਾਂ ਨੇ ਕਰ ਦਿੱਤਾ ਵੱਡਾ ਐਲਾਨ

## ਮੰਡੀਆਂ 'ਚ ਝੋਨੇ ਦੀ ਖਰੀਦ ਲਈ ਸਰਕਾਰੀ ਪ੍ਰਬੰਧ ਫੇਲ੍ਹ ! ਅੱਜ ਮੁੱਖ ਮੰਤਰੀ ਦੀ ਰਿਹਾਇਸ਼ ਘੇਰਨਗੇ



ਅੰਮ੍ਰਿਤਸਰ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)- ਭਗਵੰਤ ਮਾਨ ਸਰਕਾਰ ਵੱਲੋਂ ਪੁਖਤਾ ਪ੍ਰਬੰਧਾਂ ਦੇ ਬਾਵਜੂਦ ਪੰਜਾਬ ਅੰਦਰ ਝੋਨੇ ਦੀ ਖਰਦੀ ਲੀਹ ਉਪਰ ਨਹੀਂ ਚੜ੍ਹ ਸਕੀ। ਆੜ੍ਹਤੀਆਂ, ਮਜ਼ਦੂਰਾਂ ਤੇ ਮਿੱਲ ਮਾਲਕਾਂ ਦੇ ਅੜਿੱਕਿਆਂ ਕਰਕੇ ਝੋਨੇ ਦੀ ਸਰਕਾਰੀ ਖਰੀਦ ਪਛੜੀ ਗਈ। ਬੇਸ਼ੱਕ ਸਰਕਾਰ ਨੇ ਕਾਫੀ ਕੋਸ਼ਿਸ਼ਾਂ ਮਗਰੋਂ ਖਰੀਦ ਦਾ ਰਾਹ ਪੱਧਰਾਂ ਕਰ ਲਿਆ ਹੈ ਪਰ ਸੂਬੇ ਦੀਆਂ ਕਈ ਮੰਡੀਆਂ ਵਿੱਚ ਅਜੇ ਵੀ ਝੋਨੇ ਦੀ ਬੇਕਦਰੀ ਦੀਆਂ ਰਿਪੋਰਟਾਂ ਆ ਰਹੀਆਂ ਹਨ। ਇਸ ਲਈ ਕਿਸਾਨਾਂ ਨੇ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ। ਹਾਸਲ ਜਾਣਕਾਰੀ ਮੁਤਾਬਕ ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਮੰਡੀਆਂ ਵਿੱਚ ਹੋ ਰਹੀ ਝੋਨੇ ਦੀ ਬੇਕਦਰੀ ਖ਼ਿਲਾਫ਼ ਐਕਸ਼ਨ ਪ੍ਰੋਗਰਾਮ ਦਾ ਐਲਾਨ ਕੀਤਾ ਹੈ, ਜਿਸ ਤਹਿਤ ਮੋਰਚੇ ਦੇ ਆਗੂ ਝੋਨੇ ਦੀ ਖ਼ਰੀਦ ਸ਼ੁਰੂ ਕਰਵਾਉਣ ਲਈ 7 ਅਕਤੂਬਰ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਘੇਰਨਗੇ ਤੇ 12 ਅਕਤੂਬਰ ਨੂੰ ਪੰਜਾਬ ਭਰ ਵਿੱਚ ਪੰਜਾਬ ਤੇ ਕੇਂਦਰ ਸਰਕਾਰ ਦੇ ਪੁਤਲੇ ਫੂਕੇ ਜਾਣਗੇ। ਲੁਧਿਆਣਾ ਵਿਖੇ ਕਰਨੈਲ ਸਿੰਘ ਈਸੜੂ ਭਵਨ ਵਿੱਚ ਮੋਰਚੇ ਦੀ ਹਰਿੰਦਰ ਸਿੰਘ ਲੱਖੋਵਾਲ, ਬਾਕੀ ਸਫ਼ਾ-2 'ਤੇ

### ਪੰਜਾਬੀ ਗਾਇਕ ਜਸਬੀਰ ਜੱਸੀ ਨੇ ਕੀਤਾ ਵੱਡਾ ਖੁਲਾਸਾ

## 'ਭਾਜਪਾ ਸੰਸਦ ਕੰਗਨਾ ਰਣੌਤ ਮੇਰੇ ਨਾਲ ਸ਼ਰਾਬੀ ਹੋ ਕੇ ਹੋਸ਼ ਗੁਆ ਬੈਠੀ ਸੀ'

ਚੰਡੀਗੜ੍ਹ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)- ਅਦਾਕਾਰਾ ਤੋਂ ਸਿਆਸਤਦਾਨ ਬਣੀ ਕੰਗਨਾ ਰਣੌਤ ਆਪਣੇ ਬੇਬਾਕ ਬਿਆਨਾਂ ਲਈ ਜਾਣੀ ਜਾਂਦੀ ਹੈ। ਅਦਾਕਾਰਾ ਦੇ ਕਮੈਂਟਸ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦੇ ਰਹਿੰਦੇ ਹਨ। ਪਰ ਹਾਲ ਹੀ ਵਿੱਚ ਇੱਕ ਪੰਜਾਬੀ ਗਾਇਕ ਨੇ ਕੰਗਨਾ ਦੇ ਖਿਲਾਫ ਆਪਣੀ ਜ਼ੁਬਾਨ ਖੋਲ੍ਹ ਦਿੱਤੀ ਹੈ ਅਤੇ ਅਦਾਕਾਰਾ ਨੂੰ ਖੁੱਲ੍ਹੇਆਮ ਧਮਕੀ ਵੀ ਦਿੱਤੀ ਹੈ। ਪੰਜਾਬੀ ਗਾਇਕ ਜਸਬੀਰ ਜੱਸੀ, ਜੋ ਕਿ ਦਿਲ ਲੈ ਗਈ ਕੁੜੀ, ਲੌਂਗ ਦਾ ਲਸ਼ਕਾਰਾ ਅਤੇ ਹੋਰਾਂ ਵਰਗੇ ਮਸ਼ਹੂਰ ਗੀਤਾਂ ਨਾਲ ਜਾਣੇ ਜਾਂਦੇ ਹਨ, ਨੇ ਹਾਲ ਹੀ ਵਿੱਚ ਅਦਾਕਾਰਾ ਅਤੇ ਭਾਜਪਾ ਸੰਸਦ ਕੰਗਨਾ ਰਣੌਤ ਨੂੰ ਪੰਜਾਬ ਬਾਰੇ ਮਾੜੇ ਸ਼ਬਦ ਬੋਲਣ ਵਿਰੁੱਧ ਚੇਤਾਵਨੀ ਦਿੱਤੀ ਹੈ ਅਤੇ ਉਸ ਪੋਲ ਖੋਲ੍ਹਣ ਦੀ ਧਮਕੀ ਦਿੱਤੀ ਹੈ। ਤੁਹਾਨੂੰ





ਦੱਸ ਦੇਈਏ ਕਿ ਕੰਗਨਾ ਰਣੌਤ ਨੇ ਪੰਜਾਬ ਦੇ ਖਿਲਾਫ ਕੁਝ ਬੋਲਿਆ ਸੀ, ਹਾਲ ਹੀ ਵਿੱਚ ਹਿਮਾਚਲ ਪ੍ਰਦੇਸ਼ ਵਿੱਚ ਇੱਕ ਰੈਲੀ ਦੌਰਾਨ ਕੰਗਨਾ ਨੇ ਭੀੜ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ ਕਿ ਹਿਮਾਚਲ ਦੇ ਗੁਆਂਢੀ ਸੂਬੇ ਵਿੱਚ ਨਸ਼ਾ ਹੈ ਅਤੇ ਸੂਬੇ ਦੇ ਨੌਜਵਾਨ ਸ਼ਰਾਬ ਦੇ ਆਦੀ ਹਨ, ਜਦਕਿ ਹਿਮਾਚਲ ਇਸ ਦੇ ਬਿਲਕੁਲ ਉਲਟ ਹੈ। ਉਨ੍ਹਾਂ ਹਿਮਾਚਲ ਦੇ ਨੌਜਵਾਨਾਂ ਨੂੰ ਪੰਜਾਬ ਦੇ ਲੋਕਾਂ ਤੋਂ ਪ੍ਰਭਾਵਿਤ ਨਾ ਹੋਣ ਦੀ ਵੀ ਅਪੀਲ ਕੀਤੀ ਸੀ। ਹਾਲਾਂਕਿ ਉਨ੍ਹਾਂ ਨੇ ਪੰਜਾਬ ਦਾ ਨਾਂ ਨਹੀਂ ਸੀ ਲਿਆ ਪਾਰ ਇਸ਼ਾਰਾ ਪੰਜਾਬ ਵੱਲ ਹੀ ਸੀ। ਜੱਸੀ ਨੂੰ ਅਭਿਨੇਤਰੀ ਦੀ ਇਹ ਟਿੱਪਣੀ ਪਸੰਦ ਨਹੀਂ ਆਈ, ਉਸਨੇ ਅਭਿਨੇਤਰੀ ਨੂੰ ਧਮਕੀ ਦਿੱਤੀ ਕਿ ਉਹ ਅਜਿਹਾ ਕਰਨਾ ਬੰਦ ਕਰ ਦੇਵੇ ਇਸ ਤੋਂ ਪਹਿਲਾਂ ਕਿ ਬਹੁਤ ਬਾਕੀ ਸਫ਼ਾ-2 'ਤੇ

### ਆਸਟ੍ਰੇਲੀਆ 'ਚ ਸੜਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਦਰਦਨਾਕ ਮੌਤ

## ਟਰੱਕ 'ਚ ਜਿਉਂਦਾ ਹੀ ਸੜਿਆ ਗੱਭਰੂ, ਪਿੰਡ 'ਚ ਸੋਗ ਦੀ ਲਹਿਰ

ਅੰਮ੍ਰਿਤਸਰ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)- ਆਪਣੇ ਸੁਨਿਹਰੀ ਭਵਿੱਖ ਤੇ ਪਰਿਵਾਰ ਦੀ ਆਰਥਿਕ ਹਾਲਕ ਸੁਧਾਰਨ ਲਈ ਆਸਟ੍ਰੇਲੀਆ ਗਏ ਅੰਮ੍ਰਿਤਸਰ ਦੇ ਨੌਜਵਾਨ ਭਗਵੰਤ ਸਿੰਘ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਭਗਵੰਤ ਸਿੰਘ ਉੱਥੇ ਟਰੱਕ ਚਲਾਉਣ ਦਾ ਕੰਮ ਕਰਦਾ ਸੀ ਤੇ ਇਸ ਦੌਰਾਨ ਹੋਏ ਹਾਦਸੇ ਵਿੱਚ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਪਰਿਵਾਰ ਵਾਲਿਆਂ ਨੇ ਦੱਸਿਆ ਕਿ ਟਰੱਕ 'ਚ ਭਿਆਨਕ ਅੱਗ ਲੱਗਣ ਭਗਵੰਤ ਸਿੰਘ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਮ੍ਰਿਤਕ ਦੇ ਪਿੰਡ 'ਚ ਮਾਤਮ ਛਾਇਆ ਹੋਇਆ ਹੈ ਤੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਭਗਵੰਤ ਸਿੰਘ ਦੇ ਪਿਤਾ ਪਰਮਜੀਤ ਸਿੰਘ ਨੇ ਦੱਸਿਆ ਕਿ ਤਿੰਨ ਸਾਲ ਪਹਿਲਾਂ ਭਗਵੰਤ ਸਿੰਘ ਆਪਣੀ ਪਤਨੀ ਨਵਪ੍ਰੀਤ ਕੌਰ ਨਾਲ ਆਸਟ੍ਰੇਲੀਆ ਦੇ ਸ਼ਹਿਰ ਮੈਲਬੌਰਨ ਗਿਆ ਸੀ ਤੇ ਉਥੇ ਉਹ ਟਰੱਕ ਡਰਾਈਵਰ ਦਾ ਕੰਮ ਕਰਦਾ ਸੀ। ਉਨ੍ਹਾਂ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ ਉਨ੍ਹਾਂ ਨੂੰ ਕਿਸੇ ਦਾ ਫੋਨ ਆਇਆ ਤਾਂ ਬਾਕੀ ਸਫ਼ਾ-2 'ਤੇ



## ਵਾਈ.ਐੱਸ. ਪਬਲਿਕ ਸਕੂਲ ਦੇ ਖਿਡਾਰੀਆਂ ਨੇ

# ਜ਼ਿਲ੍ਹਾ ਪੱਧਰੀ ਕਿੱਕ-ਬਾਕਸਿੰਗ ਵਿੱਚ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਪ੍ਰਿੰਸੀਪਲ ਅੰਜਿਤਾ ਦਾਹੀਆ ਤੇ ਵਾਈਸ ਪ੍ਰਿੰਸੀਪਲ ਸਚਿਨ ਗੁਪਤਾ ਨੇ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ ਤੇ ਕੋਚ ਸਹਿਬਾਨ ਨੂੰ ਜਿੱਤ ਦੀ ਵਧਾਈ ਦਿੱਤੀ ਅਤੇ ਰਾਜ ਪੱਧਰ ਖੇਡਾਂ ਲਈ ਸ਼ੁਭਕਾਨਾਵਾਂ ਦਿੱਤੀਆਂ.....**



ਬਰਨਾਲਾ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)- ਵਾਈ.ਐੱਸ. ਪਬਲਿਕ ਸਕੂਲ ਭਾਰਤ ਦੇ ਚੋਟੀ ਦੇ 50 ਸਕੂਲਾਂ ਵਿੱਚੋਂ ਇੱਕ ਹੈ। ਵਾਈ.ਐੱਸ. ਪਬਲਿਕ ਸਕੂਲ ਇਲਾਕੇ ਦੇ ਵਿਦਿਆਰਥੀਆਂ ਨੂੰ ਖੇਡਾਂ ਦੇ ਪ੍ਰਦਰਸ਼ਨ ਅਤੇ ਮੌਕੇ ਦੇਣ ਲਈ ਜਾਣਿਆ ਜਾਂਦਾ ਹੈ। ਲਗਾਤਾਰ ਕੋਸ਼ਿਸ਼ਾਂ, ਅਭਿਆਸ ਅਤੇ ਮੌਕਿਆਂ ਨਾਲ ਵਾਈ.ਐੱਸ. ਪਬਲਿਕ ਸਕੂਲ ਦੇ ਖਿਡਾਰੀ ਵੱਖ-ਵੱਖ ਖੇਡਾਂ ਵਿੱਚ ਹੁਣ ਤੱਕ 6434 ਮੈਡਲ ਜਿੱਤ ਚੁੱਕੇ ਹਨ। ਇਸ ਵਾਰ ਵੀ ਵਾਈ.ਐੱਸ. ਪਬਲਿਕ ਸਕੂਲ ਦੇ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਕਿੱਕ-ਬਾਕਸਿੰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਸਪੋਰਟਸ ਡਾਇਰੈਕਟਰ ਜਤਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਕਿੱਕ-ਬਾਕਸਿੰਗ ਖੇਡਾਂ ਵਿੱਚ ਵਾਈ.ਐੱਸ. ਦੇ ਖਿਡਾਰੀਆਂ ਕੋਚ ਰਣਜੀਤ ਸਿੰਘ ਦੀ ਅਗਵਾਈ ਵਿੱਚ ਭਾਗ ਲਿਆ ਤੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ 8 ਸੋਨੇ ਦੇ ਤਗਮੇ ਜਿੱਤੇ। ਅੰਡਰ-14 ਲੜਕੇ ਏਕਮਵੀਰ ਸਿੰਘ ਨੇ -28 ਕਿਲੋਗ੍ਰਾਮ ਭਾਰ ਵਰਗ ਤੇ ਤੇਜਕਰਨ ਸ਼ਰਮਾ ਨੇ -32 ਕਿਲੋ ਗ੍ਰਾਮ ਭਾਰ ਵਰਗ 'ਚੋਂ ਸੋਨੇ ਦਾ ਤਗਮਾ ਜਿੱਤਿਆ। ਅੰਡਰ-17 ਲੜਕੇ ਕਰਨਦੀਪ ਸਿੰਘ ਨੇ -55 ਕਿਲੋਗ੍ਰਾਮ ਭਾਰ ਵਰਗ, ਖੁਸ਼ਪ੍ਰੀਤ ਸਿੰਘ ਨੇ -70 ਕਿਲੋਗ੍ਰਾਮ ਭਾਰ ਵਰਗ ਤੇ ਇਸ਼ਮੀਤ ਖੁਰਮੀ ਨੇ +75 ਕਿਲੋਗ੍ਰਾਮ ਭਾਰ ਵਰਗ 'ਚੋਂ ਸੋਨੇ ਦਾ ਤਗਮਾ ਜਿੱਤਿਆ। ਅੰਡਰ-19 ਲੜਕੇ ਦਮਨ ਕੁਮਾਰ ਨੇ -65 ਕਿਲੋਗ੍ਰਾਮ ਭਾਰ ਵਰਗ 'ਚੋਂ ਸੋਨੇ ਦਾ ਤਗਮਾ ਜਿੱਤਿਆ। ਅੰਡਰ-14 ਲੜਕੀਆਂ ਸਹਿਜਪ੍ਰੀਤ ਕੌਰ ਨੇ -37 ਕਿਲੋਗ੍ਰਾਮ ਭਾਰ ਵਰਗ 'ਚੋਂ ਸੋਨੇ ਦਾ ਤਗਮਾ ਜਿੱਤਿਆ। ਅੰਡਰ-17 ਲੜਕੀਆਂ ਅਨੁਰੀਤ ਕੌਰ ਨੇ +65 ਕਿਲੋਗ੍ਰਾਮ ਭਾਰ ਵਰਗ 'ਚੋਂ ਸੋਨੇ ਦਾ ਤਗਮਾ ਜਿੱਤਿਆ। ਪ੍ਰਿੰਸੀਪਲ ਅੰਜਿਤਾ ਦਾਹੀਆ ਤੇ ਵਾਈਸ ਪ੍ਰਿੰਸੀਪਲ ਸਚਿਨ ਗੁਪਤਾ ਨੇ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ ਤੇ ਕੋਚ ਸਹਿਬਾਨ ਨੂੰ ਜਿੱਤ ਦੀ ਵਧਾਈ ਦਿੱਤੀ ਅਤੇ ਰਾਜ ਪੱਧਰ ਖੇਡਾਂ ਲਈ ਸ਼ੁਭਕਾਨਾਵਾਂ ਦਿੱਤੀਆਂ।

## --------: ਸ.ਫ਼ਾ-1 ਦੀ ਬਾਕੀ :------

### ਪੰਜਾਬ ਦੀ ਅਜੀਬੋ-ਗਰੀਬ ਪੰਚਾਇਤ !....

ਦੀਆਂ ਪੰਜ ਹਜ਼ਾਰ ਤੋਂ ਵੱਧ ਵੋਟਾਂ ਸ਼ਾਮਿਲ ਕੀਤੇ ਜਾਣ 'ਤੇ ਇਤਰਾਜ਼ ਉਠਾਇਆ ਸੀ। ਉਨ੍ਹਾਂ ਵੱਲੋਂ ਪਹਿਲਾਂ ਐਸਡੀਐਮ ਤੇ ਡਿਪਟੀ ਕਮਿਸ਼ਨਰ ਕੋਲ ਵੀ ਕਲੋਨੀ ਦੀਆਂ ਵੋਟਾਂ ਸ਼ਾਮਲ ਨਾ ਕੀਤੇ ਜਾਣ ਲਈ ਸ਼ਿਕਾਇਤ ਦਰਜ ਕਰਾਈ ਗਈ ਸੀ, ਪਰ ਇਸ ਨੂੰ ਦਰਕਿਨਾਰ ਕਰਕੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਫ਼ਾਈਨਲ ਵੋਟਰ ਸੂਚੀ ਵਿੱਚ ਪੰਜ ਹਜ਼ਾਰ ਤੋਂ ਵਧੇਰੇ ਵੋਟਰਾਂ ਵਾਲੀ ਪਰਵਾਸੀ ਮਜ਼ਦੂਰਾਂ ਦੀ ਕਲੋਨੀ ਦੀਆਂ ਵੋਟਾਂ ਦਰਜ ਕਰ ਦਿੱਤੀਆਂ ਗਈਆਂ ਸਨ। ਪਿੰਡ ਦੇ ਜੱਦੀ ਵਾਸ਼ਿੰਦਿਆਂ ਦੀਆਂ ਸਿਰਫ਼ 900 ਦੇ ਕਰੀਬ ਵੋਟਾਂ ਹੋਣ ਕਾਰਨ ਪਰਵਾਸੀ ਮਜ਼ਦੂਰਾਂ ਵਾਲੀ ਕਲੋਨੀ ਵਿੱਚੋਂ ਹੀ ਸਾਰੀ ਪੰਚਾਇਤ ਚੁਣੇ ਜਾਣ ਦਾ ਰਾਹ ਪੱਧਰਾ ਹੋ ਗਿਆ ਸੀ ਤੇ ਕਲੋਨੀ ਵਿੱਚੋਂ ਪੰਜ ਉਮੀਦਵਾਰਾਂ ਨੇ ਸਰਪੰਚੀ ਲਈ ਆਪਣੀ ਨਾਮਜ਼ਦਗੀ ਵੀ ਦਾਖ਼ਲ ਕਰਾਈ ਸੀ। ਪਟੀਸ਼ਨਰ ਨੇ ਦਲੀਲ ਦਿੱਤੀ ਸੀ ਕਿ ਇਹ ਕਲੋਨੀ ਪੁੱਡਾ ਦੀ ਜ਼ਮੀਨ 'ਤੇ ਵਸਾਈ ਗਈ ਸੀ। ਇਸ ਦਾ ਪਿੰਡ ਨਾਲ ਕੋਈ ਸਬੰਧ ਨਹੀਂ। ਕਲੋਨੀ ਵਾਸੀ ਨਗਰ ਨਿਗਮ ਮੁਹਾਲੀ ਲਈ ਵੋਟਾਂ ਪਾਉਂਦੇ ਹਨ। ਪਿੰਡ ਦੀ ਪੰਚਾਇਤ ਵਿੱਚ ਉਕਤ ਕਲੋਨੀ ਦੀ ਅੱਜ ਤੱਕ ਕਦੇ ਵੋਟ ਨਹੀਂ ਪਈ। ਉਨ੍ਹਾਂ ਇਹ ਵੀ ਤਰਕ ਦਿੱਤਾ ਕਿ ਗਮਾਡਾ ਵੱਲੋਂ 2005 ਵਿੱਚ ਇਹ ਕਲੋਨੀਆਂ ਵਸਾਏ ਜਾਣ ਸਮੇਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਇਨ੍ਹਾਂ ਕਲੋਨੀਆਂ ਦਾ ਪਿੰਡ ਦੀ ਪੰਚਾਇਤ ਨਾਲ ਕੋਈ ਸਬੰਧ ਨਹੀਂ ਹੋਵੇਗਾ। ਪਟੀਸ਼ਨਰ ਦੀ ਦਲੀਲ ਨਾਲ ਸਹਿਮਤ ਹੁੰਦਿਆਂ ਚੋਣ ਕਮਿਸ਼ਨਰ ਨੇ ਚੋਣ ਰੱਦ ਕਰਨ ਤੇ ਵੋਟਰ ਸੂਚੀ ਵਿੱਚੋਂ ਕਲੋਨੀ ਦੇ ਵਸਨੀਕਾਂ ਦੇ ਨਾਮ ਕੱਢ ਕੇ ਨਵੇਂ ਸਿਰਿਉਂ ਚੋਣ ਕਰਾਏ ਜਾਣ ਦੇ ਨਿਰਦੇਸ਼ ਦਿੱਤੇ ਹਨ।

### ਪੰਚਾਇਤੀ ਚੋਣਾਂ 'ਚ ਖ਼ੂਨੀ ਜੰਗ !

ਵੱਧ ਖ਼ੂਨੀ ਖੇਡ ਖੇਡੀ ਗਈ। ਵੋਟਿੰਗ ਤੋਂ ਪਹਿਲਾਂ ਹੀ ਕਈ ਥਾਈਂ ਗੋਲੀਆਂ ਚੱਲ਼ਣ, ਵਿਰੋਧੀਆਂ ਦੇ ਕਾਗਜ਼ ਪਾੜਨ ਤੇ ਨਾਮਜ਼ਦਗੀਆਂ ਰੱਦ ਕਰਾਉਣ ਦੀਆਂ ਰਿਪੋਰਟਾਂ ਆਈਆਂ ਹਨ। ਉਧਰ, ਪਟਿਆਲਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਸੱਤਾਧਾਰੀ ਆਮ ਆਦਮੀ ਪਾਰਟੀ 'ਤੇ ਪੰਚਾਇਤੀ ਚੋਣਾਂ ਵਿੱਚ ਧਾਂਦਲੀਆਂ ਦੇ ਦੋਸ਼ ਲਾਉਂਦਿਆਂ ਪੰਜਾਬ ਰਾਜ ਚੋਣ ਅਧਿਕਾਰੀ ਤੇ ਭਾਰਤ ਦੇ ਚੋਣ ਕਮਿਸ਼ਨ ਤੋਂ ਜ਼ਿੰਮੇਵਾਰ ਅਧਿਕਾਰੀਆਂ ਤੇ ਸੱਤਾਧਾਰੀ ਧਿਰ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਅਜਿਹਾ ਨਾ ਹੋਇਆ ਤਾਂ ਕਾਂਗਰਸ ਵੱਲੋਂ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਡਾ. ਗਾਂਧੀ ਨੇ ਕਿਹਾ ਕਿ ਨਾਮਜ਼ਦਗੀਆਂ ਭਰਨ ਆਏ ਉਮੀਦਵਾਰਾਂ ਦੇ ਕਾਗ.ਜ਼ ਪਾੜੇ ਗਏ ਤੇ ਬਿਨਾਂ ਕਾਰਨ ਹੀ ਵਿਰੋਧੀਆਂ ਦੇ ਕਾਗ.ਜ਼ ਰੱਦ ਕਰਵਾਏ ਗਏ। ਡਰਾ-ਧਮਕਾ ਕੇ ਚੋਣ ਲੜਨ ਤੋਂ ਰੋਕਿਆ ਜਾ ਰਿਹਾ ਹੈ। ਇਹ ਲੋਕਤੰਤਰ ਦੀ ਹੱਤਿਆ ਹੈ। ਉਨ੍ਹਾਂ ਕਿਹਾ ਕਿ ਉਹ ਭੁਨਰਹੇੜੀ ਤੇ ਸਨੌਰ ਬਲਾਕ ਦੇ ਬੀਡੀਓ ਦਫ਼ਤਰ ਦਾ ਦੌਰਾ ਕਰਨ ਗਏ ਸਨ। ਉੱਥੇ ਸਿੱਧੇ ਤੌਰ 'ਤੇ ਵਿਰੋਧੀਆਂ ਨੂੰ ਦਬਾਇਆ ਜਾ ਰਿਹਾ ਹੈ। ਡਾ. ਗਾਂਧੀ ਨੇ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਜਾਂ ਤਾਂ ਲੋਕਤੰਤਰ ਦਾ ਘਾਣ ਕਰ ਰਹੀ ਚੋਣ ਪ੍ਰਕਿਰਿਆ ਨੂੰ ਰੱਦ ਕੀਤਾ ਜਾਵੇ ਜਾਂ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

### ਸੀਐਮ ਮਾਨ ਨੇ ਕਿਸਾਨਾਂ ਨੂੰ ਫ਼ਾਇਦਾ ਲੈਣ ਦੀ ਕੀਤੀ ਅਪੀਲ

ਪਰਾਲੀ ਸਾੜਨ ਨਾਲ ਹੋਣ ਵਾਲੇ ਵਾਤਾਵਰਣ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਮਦਦਗਾਰ ਸਾਬਤ ਹੋਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸਕੀਮ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਦਾ ਬਦਲ ਚੁਣਨ ਲਈ ਉਤਸ਼ਾਹਿਤ ਕਰਨ ਲਈ ਵੀ ਸਹਾਈ ਸਿੱਧ ਹੋਵੇਗੀ। ਭਗਵੰਤ ਸਿੰਘ ਮਾਨ ਨੇ ਕਿਸਾਨਾਂ ਦੀ ਭਲਾਈ ਨੂੰ ਹਰ ਸੰਭਵ ਤਰੀਕੇ ਨਾਲ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਕਿਸਾਨਾਂ ਨੂੰ ਇਸ ਸਕੀਮ ਦਾ ਲਾਭ ਉਠਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਪਰਾਲੀ ਸਾੜਨ ਨਾਲ ਪੈਦਾ ਹੋਣ ਵਾਲੇ ਪ੍ਰਦੂਸ਼ਣ ਨੂੰ ਘਟਾਉਣ ਲਈ ਬਾਇਓ-ਊਰਜਾ ਪਲਾਂਟਾਂ ਨੂੰ ਸਮਰਥਨ ਦੇਣ ਲਈ ਖੇਤੀ ਰਹਿੰਦ-ਖੂੰਹਦ ਦੀ ਸਪਲਾਈ ਲੜੀ ਵਿੱਚ ਉਦਯੋਗਾਂ-ਕਿਸਾਨਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਉੱਤੇ ਮੁੱਖ ਜ਼ੋਰ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਪਹਿਲਕਦਮੀ ਬਾਇਓਮਾਸ ਸਪਲਾਈ ਚੇਨ ਰਾਹੀਂ ਬਾਇਓ-ਊਰਜਾ ਉਦਯੋਗ ਤੱਕ ਖੇਤੀ ਰਹਿੰਦ-ਖੂੰਹਦ ਦੀ ਪਹੁੰਚ ਕਰ ਕੇ ਇਸ ਪ੍ਰਦੂਸ਼ਣ ਤੋਂ ਬਚਣ ਵਿੱਚ ਮਦਦ ਕਰੇਗੀ।

### ਕਿਸਾਨਾਂ ਨੇ ਕਰ ਦਿੱਤਾ ਵੱਡਾ ਐਲਾਨ....

ਜੰਗਵੀਰ ਸਿੰਘ ਚੋਹਾਨ ਤੇ ਬੋਘ ਸਿੰਘ ਮਾਨਸਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਇਹ ਫ਼ੈਸਲਾ ਲਿਆ ਗਿਆ ਹੈ। ਮੀਟਿੰਗ ਦੌਰਾਨ ਆਗੂਆਂ ਨੇ ਦੱਸਿਆ ਕਿ ਪੰਜਾਬ ਦੀਆਂ ਮੰਡੀਆਂ ਵਿੱਚ ਝੋਨੇ ਦੀ ਬੇਕਦਰੀ ਹੋ ਰਹੀ ਹੈ, ਜਿਸ ਕਾਰਨ ਕਿਸਾਨ ਖੱਜਲ-ਖੁਆਰ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਖਰੀਦ ਦੇ ਕੋਈ ਪ੍ਰਬੰਧ ਨਹੀਂ ਹਨ। ਪੰਜਾਬ ਸਰਕਾਰ ਨੇ ਪਹਿਲੀ ਅਕਤੂਬਰ ਤੋਂ ਝੋਨੇ ਦੀ ਖਰੀਦ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ ਪਰ 6 ਅਕਤੂਬਰ ਤੱਕ ਫ਼ਸਲ ਦਾ ਇੱਕ ਵੀ ਦਾਣਾ ਸਰਕਾਰ ਵੱਲੋਂ ਨਹੀਂ ਖਰੀਦਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੋਲੋਂ ਝੋਨੇ ਦੀ ਖਰੀਦ ਲਈ ਲਿਮਟ ਆ ਚੁੱਕੀ ਹੈ, ਇਸ ਲਈ ਸਰਕਾਰ ਝੋਨੇ ਦੀ ਫ਼ਸਲ ਨੂੰ ਖਰੀਦਣ ਦਾ ਤੁਰੰਤ ਪ੍ਰਬੰਧ ਕਰੇ। ਉਨ੍ਹਾਂ ਕਿਹਾ ਕਿ ਮਜ਼ਦੂਰ, ਆੜ੍ਹਤੀਏ ਤੇ ਸ਼ੈਲਰ ਮਾਲਕ ਹੜਤਾਲ 'ਤੇ ਚੱਲ ਰਹੇ ਹਨ ਪਰ ਪੰਜਾਬ ਸਰਕਾਰ ਉਨ੍ਹਾਂ ਦੇ ਮਸਲੇ ਹੱਲ ਨਹੀਂ ਕਰ ਰਹੀ ਹੈ, ਜਿਸ ਕਾਰਨ ਕਿਸਾਨ ਪਿੱਸ ਰਿਹਾ ਹੈ।

### ਪੰਜਾਬੀ ਗਾਇਕ ਜਸਬੀਰ ਜੱਸੀ....

ਦੇਰ ਹੋ ਜਾਵੇ। ਉਸ ਨੇ ਕਿਹਾ, "ਮੈਂ ਹੁਣ ਇਹ ਕਹਿਣ ਲਈ ਮਜਬੂਰ ਹਾਂ ਕਿਉਂਕਿ ਉਹ ਪੰਜਾਬ ਨੂੰ ਬਹੁਤ ਜ਼ਿਆਦਾ ਨਿਸ਼ਾਨਾ ਬਣਾ ਰਹੀ ਹੈ। ਇੱਕ ਵਾਰ ਉਹ ਮੇਰੇ ਅਤੇ ਇੱਕ ਮਹਿਲਾ ਦੋਸਤ ਨਾਲ ਦਿੱਲੀ ਵਿੱਚ ਆਪਣੀ ਕਾਰ ਵਿੱਚ ਸ਼ਰਾਬ ਪੀ ਕੇ ਬੈਠੀ ਸੀ ਅਤੇ ਉਸ ਦਾ ਆਪਣੇ ਆਪ 'ਤੇ ਕੋਈ ਕਾਬੂ ਨਹੀਂ ਸੀ। ਉਸ ਨੇ ਸ਼ਰਾਬ ਅਤੇ ਡਰੱਗਸ ਦਾ ਜਿੰਨਾ ਸੇਵਨ ਕੀਤਾ ਹੈ, ਮੈਨੂੰ ਨਹੀਂ ਲੱਗਦਾ ਕਿ ਸ਼ਾਇਦ ਹੀ ਕਿਸੇ ਨੇ ਉਨਾ ਕੀਤਾ ਹੋਵੇਗਾ। ਜੇਕਰ ਉਹ ਪੰਜਾਬ ਬਾਰੇ ਗੱਲ ਕਰਨਾ ਬੰਦ ਨਹੀਂ ਕਰਦੀ, ਤਾਂ ਮੈਂ ਉਸ ਦੀਆਂ ਸਾਰੀਆਂ ਕਹਾਣੀਆਂ ਸਾਰਿਆਂ ਨੂੰ ਦੱਸਾਂਗਾ। ਉਨ੍ਹਾਂ ਕਿਹਾ ਕਿ ਭਾਵੇਂ ਉਹ ਕਿਸੇ ਵੀ ਔਰਤ ਦਾ ਨਾਂ ਜਨਤਕ ਕਰਕੇ ਸ਼ਰਮਿੰਦਾ ਨਹੀਂ ਕਰਨਾ ਚਾਹੁੰਦੇ, ਪਰ ਕੰਗਨਾ ਦਾ ਪੰਜਾਬ ਪ੍ਰਤੀ ਵਿਅੰਗ ਹੁਣ ਕਾਬੂ ਤੋਂ ਬਾਹਰ ਹੁੰਦਾ ਜਾ ਰਿਹਾ ਹੈ ਅਤੇ ਕੁਝ ਕਾਰਵਾਈ ਕਰਨ ਦੀ ਲੋੜ ਹੈ। ਜੱਸੀ ਨੇ ਕਿਹਾ, "ਕਿਸੇ ਨੂੰ ਵੀ ਕੰਗਨਾ ਨੂੰ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ। ਉਹ ਮਾਨਸਿਕ ਰੋਗੀ ਹੈ। ਉਹ ਪੂਰੀ ਤਰ੍ਹਾਂ ਹਿੱਲੀ ਹੋਈ ਹੈ। ਉਸ ਦਾ ਮਾਨਸਿਕ ਸੰਤੁਲਨ ਠੀਕ ਨਹੀਂ ਹੈ। ਇਹ ਦੇਸ਼ ਲਈ ਬਹੁਤ ਵੱਡਾ ਖ਼ਤਰਾ ਹੈ। ਅਜਿਹੇ ਮੂਰਖ ਲੋਕ ਸੰਸਦ ਵਿੱਚ ਬੈਠ ਕੇ ਦੇਸ਼ ਬਾਰੇ ਕੀ ਫੈਸਲੇ ਲੈਣਗੇ।

### ਪੰਜਾਬੀ ਨੌਜਵਾਨ ਦੀ ਦਰਦਨਾਕ ਮੌਤ ....

ਉਸ ਨੇ ਦੱਸਿਆ ਕਿ ਉਸ ਦੇ ਲੜਕੇ ਦਾ ਟਰੱਕ ਬੇਕਾਬੂ ਹੋ ਕੇ ਦਰੱਖਤ ਨਾਲ ਜਾ ਟਕਰਾਇਆ, ਜਿਸ ਕਾਰਨ ਮੌਕੇ 'ਤੇ ਅੱਗ ਲੱਗ ਗਈ ਅਤੇ ਅੱਗ ਇੰਨੀ ਭਿਆਨਕ ਸੀ ਕਿ ਉਨ੍ਹਾਂ ਦਾ ਪੁੱਤਰ ਵਿੱਚ ਵਿੱਚ ਹੀ ਸੜ ਗਿਆ। ਪਰਮਜੀਤ ਸਿੰਘ ਨੇ ਦੱਸਿਆ ਕਿ ਕਰੀਬ ਡੇਢ ਸਾਲ ਪਹਿਲਾਂ ਭਗਵੰਤ ਸਿੰਘ ਦੇ ਘਰ ਬੇਟੇ ਅਕਾਲ ਸਿੰਘ ਨੇ ਜਨਮ ਲਿਆ ਸੀ, ਪਰਿਵਾਰ ਵਾਲਿਆਂ ਦੇ ਦੁਖੀ ਮਨ ਨਾਲ ਕਿਹਾ ਕਿ ਉਹ ਆਪਣੇ ਬੇਟੇ ਦਾ ਅੰਤਿਮ ਸਸਕਾਰ ਕਰਨ ਲਈ ਆਸਟ੍ਰੇਲੀਆ ਜਾਣਗੇ ਤੇ ਉੱਥੇ ਹੀ ਉਨ੍ਹਾਂ ਦੀਆਂ ਅੰਤਿਮ ਰਸਮਾਂ ਪੂਰੀਆਂ ਕੀਤੀਆਂ ਜਾਣਗੀਆਂ।

### ਅਚਾਨਕ ਥਾਣੇ ਪਹੁੰਚੀ ਐਸ.ਪੀ. ਪੂਜਾ ਅਵਾਨਾ ....

ਖਾਲੀ ਹੋ ਗਿਆ। ਹੁਣ ਸਾਰੇ ਸਟਾਫ਼ ਦੀ ਥਾਂ ਹੋਰ ਸਟਾਫ਼ ਲਾਇਆ ਜਾਵੇਗਾ। ਇਸ ਮਾਮਲੇ ਨੂੰ ਲੈ ਕੇ ਨਾ ਸਿਰਫ਼ ਪੁਲਿਸ ਵਾਲਿਆਂ ਨੂੰ ਦੋਸ਼ੀ ਠਹਿਰਾਇਆ ਗਿਆ, ਸਗੋਂ ਐਸਪੀ ਨੇ ਡੀਐਸਪੀ ਨੂੰ ਵੀ ਨਹੀਂ ਬਖਸ਼ਿਆ। ਜਾਂਚ ਵਿੱਚ ਲਾਪ੍ਰਵਾਹੀ ਕਾਰਨ ਡੀਐਸਪੀ ਨੂੰ ਵੀ ਮੁਅੱਤਲ ਕਰ ਦਿੱਤਾ ਗਿਆ ਸੀ। 3 ਅਕਤੂਬਰ ਨੂੰ ਦੇਚੂੰ ਥਾਣੇ 'ਚ ਬਲਾਤਕਾਰ ਦੇ ਦੋਸ਼ੀ ਨੇ ਖ਼ੁਦਕੁਸ਼ੀ ਕਰ ਲਈ ਸੀ। ਪੁਲਿਸ ਨੇ ਮੁਲਜ਼ਮ ਨੂੰ ਲਾਕਅੱਪ ਵਿੱਚ ਰੱਖਣ ਦੀ ਬਜਾਏ ਕੰਪਿਊਟਰ ਰੂਮ ਵਿੱਚ ਹੀ ਰੱਖਿਆ ਹੋਇਆ ਸੀ। ਉੱਥੇ ਮੌਕਾ ਮਿਲਦੇ ਹੀ ਦੋਸ਼ੀ ਨੇ ਖਿੜਕੀ ਨਾਲ ਫਾਹਾ ਲੈ ਲਿਆ। ਇਸ ਤੋਂ ਬਾਅਦ ਮੁਲਜ਼ਮ ਦੇ ਪਰਿਵਾਰਕ ਮੈਂਬਰਾਂ ਨੇ ਲਾਸ਼ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਮੁਆਵਜ਼ੇ ਅਤੇ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇਸ ਤਹਿਤ ਆਈ.ਪੀ.ਐਸ ਨੇ ਕਾਰਵਾਈ ਕਰਦੇ ਹੋਏ ਪੂਰੇ ਥਾਣੇ ਦੇ ਸਟਾਫ ਨੂੰ ਲਾਈਨ ਵਿਚ ਲਗਾ ਦਿੱਤਾ।

## ਇੱਕ ਨਜ਼ਰ ...



### ਕਾਨੂੰਨੀ ਸੇਵਾਵਾਂ ਅਥਾਰਟੀ, ਵਲੋਂ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਕਰਵਾਇਆ ਗਿਆ ਨੁੱਕੜ ਨਾਟਕ

ਬਰਨਾਲਾ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)-ਪੰਜਾਬ ਰਾਜ਼ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸ਼੍ਰੀ ਬੀ.ਬੀ.ਐਸ. ਤੇਜੀ ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜ਼ੱਜ਼ ਸਹਿਤ ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਦੀ ਯੋਗ ਅਗਵਾਈ ਹੇਠ ਲੋਕਾਂ ਨੂੰ ਨਸ਼ਿਆ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਲਈ ਵਾਈ.ਐਸ. ਕਾਲਜ ਬਰਨਾਲਾ ਦੀ ਟੀਮ ਦੇ ਸਹਿਯੋਗ ਨਾਲ ਇੱਕ ਨੁੱਕੜ ਨਾਟਕ ਜਿਲ੍ਹਾ ਕੋਰਟ ਕੰਪਲੈਕਸ ਵਿਖੇ ਕਰਵਾਇਆ ਗਿਆ। ਇਸ ਨੁੱਕੜ ਨਾਟਕ ਦਾ ਮੁੱਖ ਉਦੇਸ਼ ਲੋਕਾਂ ਨੂੰ ਨਸ਼ਿਆ ਕਾਰਨ ਪੈਣ ਵਾਲੇ ਮਾੜੇ ਅਸਰ ਅਤੇ ਉਸ ਤੋਂ ਬਾਅਦ ਆਉਣ ਵਾਲੀਆਂ ਦਿਕਤਾਂ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਸੀ ਤਾਂ ਜ਼ੋ ਅੱਜ ਦਾ ਯੂਥ ਇਸ ਤੋਂ ਦੂਰ ਹੋ ਸਕੇ। ਇਸ ਮੌਕੇ ਤੇ ਮਾਨਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਲਾਨਾ ਸ਼੍ਰੀ ਮਦਨ ਲਾਲ ਜੀ ਨੇ ਬੋਲਦਿਆਂ ਕਿਹਾ ਕਿ ਨਸ਼ਾ ਕੇਵਲ ਉਸ ਵਿਅਕਤੀ ਦਾ ਖਾਤਮਾ ਹੀ ਨਹੀਂ ਕਰਦਾ ਸਗੋਂ ਵਸਦੇ ਘਰਾਂ ਨੂੰ ਵੀ ਉਜਾੜ ਦਿੰਦਾ ਹੈ। ਨਸ਼ਾ ਕਰਨ ਵਾਲੇ ਵਿਅਕਤੀ ਨੂੰ ਸਮਾਜ ਦੇ ਲੋਕ ਪੰਸਦ ਨਹੀਂ ਕਰਦੇ ਅਤੇ ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹਿਆ ਲਈ ਵੀ ਘਾਤਕ ਸਿੱਧ ਹੁੰਦੇ ਹਨ। ਉਹਨਾ ਇਸ ਮੌਕੇ ਤੋਂ ਨੌਜਵਾਨਾ ਨੂੰ ਨਸ਼ੇ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਇਸ ਮੌਕੇ ਤੇ ਵਾਈ ਐਸ. ਕਾਲਜ਼ ਦੇ ਪ੍ਰਿਸ਼ੀਪਲ, ਉਹਨਾਂ ਦੀ ਨੁੱਕੜ ਨਾਟਕ ਦੀ ਟੀਮ, ਸ਼੍ਰੀ ਜ਼ਸਵਿੰਦਰ ਸਿੰਘ, ਪ੍ਰਧਾਨ ਬਾਰ ਕੌਂਸਲ ਬਰਨਾਲਾ ਅਤੇ ਸ਼੍ਰੀ ਸੁੰਮਤ ਗੋਇਲ, ਸਕੱਤਰ ਬਾਰ ਕੌਂਸਲ ਬਰਨਾਲਾ ਵੀ ਉਚੇਚੇ ਤੋਰ ਤੇ ਹਾਜ਼ਰ ਰਹੇ।

### ਸਟੈਨ ਫੋਰਡ ਸਕੂਲ ਵਿਖੇ ਛਿਮਾਹੀ ਨਤੀਜੇ ਸਬੰਧੀ ਕਰਵਾਈ ਗਈ ਮਾਪੇ ਅਧਿਆਪਕ ਮਿਲਣੀ



ਬਰਨਾਲਾ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)-ਸਟੈਨਫੋਰਡ ਇੰਟਰਨੈਸ਼ਨਲ ਸਕੂਲ ਚੰਨਨਵਾਲ ਵਿੱਚ ਪ੍ਰਬੰਧਕ ਕਮੇਟੀ ਦੇ ਸਹਿਯੋਗ ਅਤੇ ਪ੍ਰਿੰਸੀਪਲ ਸ੍ਰੀਮਤੀ ਪਰਦੀਪ ਕੌਰ ਜੀ ਦੀ ਨਿਗਰਾਨੀ ਵਿੱਚ ਨਰਸਰੀ ਕਲਾਸ ਤੋਂ ਲੈ ਕੇ ਬਾਰਵੀਂ ਕਲਾਸ ਤੱਕ ਦੇ ਬੱਚਿਆਂ ਲਈ ਅਧਿਆਪਕ ਮਾਪੇ ਮਿਲਣੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਬੱਚਿਆਂ ਦੇ ਛਿਮਾਹੀ ਨਤੀਜੇ ਦਾ ਐਲਾਨ ਕੀਤਾ ਗਿਆ ਇਸ ਤਰ੍ਹਾਂ ਮਾਪਿਆਂ ਵਿੱਚ ਕਾਫੀ ਉਤਸਾਹ ਦੇਖਿਆ ਗਿਆ। ਚੰਗੇ ਨੰਬਰ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਭੇਂਟ ਕੀਤੀਆਂ ਗਈਆਂ ਇਸ ਵਿਸ਼ੇਸ਼ ਮੌਕੇ ਤੇ ਪ੍ਰਿੰਸੀਪਲ ਜੀ ਨੇ ਮਾਪਿਆਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਸ਼ੁਰੂ ਹੋਣ ਵਾਲੀਆਂ ਕਲਾਸਾਂ ਸਬੰਧੀ ਸੁਝਾ ਦਿੱਤਾ। ਇਸ ਦੌਰਾਨ ਸਕੂਲ ਦਾ ਵਾਤਾਵਰਨ ਕਾਫੀ ਖੁਸ਼ਹਾਲ ਨਜ਼ਰ ਆਇਆ। ਅਧਿਆਪਕ ਮਾਪੇ ਮਿਲਣੀ ਨੂੰ ਸਫਲਤਾ ਪੂਰਵਕ ਨਿਭਾਉਣ ਸਬੰਧੀ ਕਲਾਸ ਅਧਿਆਪਕ ਦਾ ਵਿਸ਼ੇਸ਼ ਯੌਗਦਾਨ ਰਿਹਾ। ਪ੍ਰਬੰਧਕ ਕਮੇਟੀ ਤੋਂ ਡਾਕਟਰ ਚਮਕੌਰ ਸਿੰਘ ਗਰੇਵਾਲ ਜੀ ਵੀ ਹਾਜ਼ਰ ਰਹੇ ਅਤੇ ਉਹਨਾਂ ਨੇ ਮਾਪਿਆਂ ਨਾਲ ਮੁਲਾਕਾਤ ਕੀਤੀ।

## --------: ਸ.ਫ਼ਾ-1 ਦੀ ਬਾਕੀ :------

### ਪੰਜਾਬ ਪੁਲਿਸ ਦੀ ਮੁੜ ਹੋਈ ਫਜ਼ੀਹਤ !....

ਆਈਪੀਸੀ ਦੀ ਧਾਰਾ 379, 411 ਅਤੇ 201 ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਮੁਲਜ਼ਮ ਫਰਾਰ ਚੱਲ ਰਿਹਾ ਸੀ ਤੇ ਕੱਲ੍ਹ ਯਾਨੀ ਸ਼ਨੀਵਾਰ ਨੂੰ ਜੀਆਰਪੀ ਥਾਣੇ ਦੇ ਪੁਲਿਸ ਅਧਿਕਾਰੀ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਜਿਸ ਤੋਂ ਬਾਅਦ ਸਿਵਲ ਹਸਪਤਾਲ ਵਿੱਚ ਮੈਡੀਕਲ ਕਰਵਾਉਣ ਲਈ ਪੁੱਜੇ ਸਨ। ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਜਦੋਂ ਮੁਲਜ਼ਮ ਨੂੰ ਸਿਵਲ ਹਸਪਤਾਲ ਜਲੰਧਰ ਲਿਆਂਦਾ ਗਿਆ ਤਾਂ ਹਸਪਤਾਲ ਵਿੱਚ ਭਾਰੀ ਭੀੜ ਸੀ। ਇਸ ਦਾ ਫ਼ਾਇਦਾ ਉਠਾਉਂਦੇ ਹੋਏ ਦੋਸ਼ੀ ਪੁਲਿਸ ਨੂੰ ਚਕਮਾ ਦੇ ਕੇ ਉਥੋਂ ਫਰਾਰ ਹੋ ਗਿਆ। ਮੁਲਜ਼ਮ ਦੀ ਕਾਫੀ ਦੇਰ ਤੱਕ ਭਾਲ ਕੀਤੀ ਗਈ ਪਰ ਕੁਝ ਨਹੀਂ ਮਿਲਿਆ ਜਿਸ ਤੋਂ ਬਾਅਦ ਮਾਮਲੇ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ। ਥਾਣਾ 4 ਦੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਤੋਂ ਬਾਅਦ ਮਾਮਲਾ ਦਰਜ ਕਰ ਲਿਆ ਹੈ।

### ਕਾਂਗਰਸ ਤੇ ਅਕਾਲੀ ਦਲ ਦੇ ਗੁੰਡਿਆਂ ਨੇ ਕੁੱਟੇ ਆਪ ਦੇ ਵਰਕਰ....

ਪੈਂਤੜਾ ਖੇਡਦਿਆਂ ਕਿਹਾ ਕਿ ਅਕਾਲੀ ਤੇ ਕਾਂਗਰਸ ਦੀ ਗੁੰ.ਡਾਗਰਦੀ ਕਰਕੇ ਆਪ ਪੀੜਤ ਹੋਈ ਹੈ। ਆਮ ਆਦਮੀ ਪਾਰਟੀ ਦੇ ਬੁਲਾਰੇ ਤੇ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਮੀਡੀਆ ਦੇ ਮੁਖ਼ਾਤਬ ਹੁੰਦਿਆਂ ਕਿਹਾ ਕਿ, ਮਾਜ਼ੀ ਵਿੱਚ ਸੱਤਾਧਾਰੀ ਧਿਰ ਆਮ ਲੋਕਾਂ ਨਾਲ ਗੁੰ.ਡਾਗਰਦੀ ਕਰਦੀ ਸੀ ਪਰ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਦੇ ਗੁੰ.ਡਿਆਂ ਨੇ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਕੁੱਟਿਆ ਹੈ। ਕੰਗ ਨੇ ਕਿਹਾ ਕਿ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੀ ਗੁੰ.ਡਾਗਰਦੀ ਕਰਕੇ ਆਪ ਦੇ ਵਰਕਰ ਦੇ ਪੀੜਤ ਹੋਏ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਗੁੰ.ਡਿਆਂ ਨੇ ਜਲਾਲਾਬਾਦ ਵਿੱਚ ਗੋਲ਼ੀਆਂ ਚਲਾਈਆਂ ਹਨ ਪਰ ਇਹ ਲੋਕ ਦਾ ਜਵਾਬ ਵੋਟਾਂ ਵਿੱਚ ਦੇਣਗੇ। ਕੰਗ ਨੇ ਇਲਜ਼ਾਮ ਲਾਇਆ ਕਿ ਇਸ ਗੁੰ.ਡਾਗਰਦੀ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਸੀਨੀਅਰ ਲੀਡਰ ਕਰ ਰਹੇ ਸਨ ਜਿਨ੍ਹਾਂ ਦੀਆਂ ਵੀਡੀਓ ਸੋਸ਼ਲ ਮੀਡੀਆ ਉੱਤੇ ਘੁੰਮ ਰਹੀਆਂ ਹਨ। ਕੰਗ ਨੇ ਦਾਅਵਾ ਕੀਤਾ ਕਿ ਆਪ ਨੇ ਕੋਈ ਧੱਕਾ ਨਹੀਂ ਕੀਤਾ ਸਗੋਂ ਉਨ੍ਹਾਂ ਦੇ ਵਰਕਰਾਂ ਨਾਲ ਜ਼ੁਲਮ ਹੋਇਆ ਹੈ। ਮਲਵਿੰਦਰ ਕੰਗ ਨੇ ਪਿਛਲੀਆਂ ਚੋਣਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਵਾਰ ਪਿਛਲੀਆਂ ਚੋਣਾਂ ਨਾਲੋਂ ਜ਼ਿਆਦਾ ਨਾਮਜ਼ਦਗੀਆਂ ਹੋਈਆਂ ਹਨ। ਆਪ ਸਰਕਾਰ ਨੇ ਹਰ ਕਿਸੇ ਨੂੰ ਲੋਕਤੰਤਰ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਹੈ, ਕੰਗ ਨੇ ਤਨਜੀਆ ਲਹਿਜੇ ਵਿੱਚ ਕਿਹਾ ਕਿ ਪਰ ਇਸ ਵਾਰ ਵੀ ਵਿਰੋਧੀ ਆਪਣੀ ਗੁੰ.ਡਾਗਰਦੀ ਤੋਂ ਬਾਜ਼ ਨਹੀਂ ਆਏ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ



ਸ੍ਰੀ ਅਕਾਲ ਤਖ਼ਤ ਸਾਹਿਬ | ਤਖ਼ਤ ਸ੍ਰੀ ਪਟਨਾ ਸਾਹਿਬ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ਤਖ਼ਤ ਸ੍ਰੀ ਦਮਦਮਾ ਸਾਹਿਬ | ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੁਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੁਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

# ਇੱਕ ਨਜ਼ਰ ...



## ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਤਹਿਤ ਫਾਉਂਡੇਸ਼ਨ ਵੱਲੋਂ ਕੀਤੀ ਗਈ ਸਹਾਇਤਾ

ਚੌਕ ਮਹਿਤਾ, 6 ਅਕਤੂਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ) –ਅੱਜ ਏਥੇ ਪਿੰਡ ਬੱਲ ਪੁਰੀਆਂ ਕਲਾਂ ਵਿਖੇ ਪੇ 2 ਪੇ ਸ਼ੋਸ਼ਲ ਫਾਉਂਡੇਸ਼ਨ ਵਲੋਂ ਪ੍ਰੋਗਰਾਮ ਅਯੋਜਨ ਕੀਤਾ ਗਿਆ । ਇਸ ਫਾਉਂਡੇਸ਼ਨ ਦਾ ਮੁੱਖ ਏਜੰਡਾ ਹੈ ਬੇਟੀ ਬਚਾਓ ਬੇਟੀ ਪੜ੍ਹਾਓ ਤੇ ਕੰਮ ਕਰ ਰਹੀ ਹੈ ਜਿਸ ਦੇ ਤਹਿਤ ਅੱਜ ਪਿੰਡ ਬੱਲ ਪੁਰੀਆਂ ਕਲਾਂ ਤਹਿਸੀਲ ਬਟਾਲਾ ਜਿਲਾ ਗੁਰਦਾਸਪੁਰ ਵਿਖੇ ਲੜਕੀ ਨਵਦੀਪ ਕੌਰ ਪੁੱਤਰੀ ਸੁਚਾ ਸਿੰਘ ,ਮਾਤਾ ਅਮਨਪ੍ਰੀਤ ਕੌਰ ਦੀ ਸ਼ਾਦੀ ਤੇ ਸਹਾਇਤਾ ਰਾਸ਼ੀ ਵਜੋਂ 1100 ਸੋ ਰੁਪਏ ਦਾ ਚੈੱਕ ਭੇਟ ਕੀਤਾ ਗਿਆ ਅਤੇ 1100 ਰੁਪਏ ਕੈਸ਼ ਸ਼ਗਨ ਵੀ ਦਿੱਤਾ ਗਿਆ। ਉਪਰੰਤ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰ ਸਰਵਣ ਸਿੰਘ ਤਰਸਿੱਕਾ ਨੇ ਪੇ 2 ਪੇ ਸ਼ੋਸ਼ਲ ਫਾਉਂਡੇਸ਼ਨ ਦੇ 18 ਪ੍ਰਾਜੈਕਟ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ ਤਨੇਲ ,ਮੈਡਮ ਮਨਿੰਦਰ ਕੌਰ ਤਨੇਲ, ਮੈਡਮ ਕਵਲਜੀਤ ਕੌਰ,ਮੈਡਮ ਬਲਜੀਤ ਕੌਰ ਸ੍ਰ ਸੁਚਾ ਸਿੰਘ ਅਤੇ ਆਦ ਸਾਥੀ ਹਜ਼ਾਰ ਸਨ।

## ਪਿੰਡਾਂ ’ਚ ਪੰਚਾਇਤ ਚੋਣਾਂ ਦੌਰਾਨ ਭਾਈਚਾਰਕ ਸਾਂਝ ਕਾਇਮ ਰੱਖੀ ਜਾਵੇ: ਜਸਵੀਰ ਸਿੰਘ ਜੱਸੀ ਸੇਖੋਂ

ਧੂਰੀ, 6 ਅਕਤੂਬਰ (ਰਣਜੀਤ ਸਿੰਘ ਪੇਧਨੀ)– ਸਰਬਸੰਮਤੀ ਨਾਲ ਚੰਗੇ ਉਮੀਦਵਾਰ ਚੁਣਨ ਦੀ ਦਿੱਤੀ ਸਲਾਹ ਪੰਚਾਇਤ ਚੋਣਾਂ ਦੇ ਐਲਾਨ ਨਾਲ ਹੀ ਪੰਜਾਬ ਦੇ ਪਿੰਡਾਂ ਦੇ ਲੋਕ ਨਵੀਆਂ ਗ੍ਰਾਮ ਪੰਚਾਇਤਾਂ ਦੀ ਚੋਣ ਕਰਨ ਲਈ ਸਰਗਰਮ ਹੋ ਗਏ ਹਨ। ਲੋਕਤੰਤਰ ਦੀ ਸਭ ਤੋਂ ਹੇਠਲੀ ਕੜੀ ਹੋਣ ਕਾਰਨ ਦਿਹਾਤੀ ਖੇਤਰ ਦੇ ਲੋਕ ਇਸ ਨਾਲ ਸਿੱਧੇ ਤੌਰ ਤੇ ਜੁੜੇ ਹੁੰਦੇ ਹਨ। ਜਿਸ ਕਾਰਨ ਆਮ ਲੋਕਾਂ ਦੀ ਰੁਚੀ ਇਨ੍ਹਾਂ ਚੋਣਾਂ ਵਿੱਚ ਹੋਣੀ ਸੁਭਾਵਿਕ ਹੈ। ਪਰ ਪਿੰਡਾਂ ਦੇ ਲੋਕਾਂ ਨੂੰ ਇਨ੍ਹਾਂ ਚੋਣਾਂ ਦੌਰਾਨ ਭਾਈਚਾਰਕ ਸਾਂਝ ਕਾਇਮ ਰੱਖਣੀ ਚਾਹੀਦੀ ਹੈ ਕਿਉਂਕਿ ਇਹ ਇੱਕ ਜਮਹੂਰੀ ਪ੍ਰਕਿਰਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਜਸਵੀਰ ਸਿੰਘ ਜੱਸੀ ਸੇਖੋਂ ਨੇ ਕੀਤਾ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਿਕਾਸ ਲਈ ਜ਼ਰੂਰੀ ਹੈ ਕਿ ਚੰਗੀ ਛਵੀ ਵਾਲੇ, ਪੜ੍ਹੇ ਲਿਖੇ, ਸਮਾਜ ਸੇਵਾ ਦੀ ਭਾਵਨਾ ਰੱਖਣ ਵਾਲੇ ਇਮਾਨਦਾਰ ਵਿਅਕਤੀਆਂ ਦੀ ਸਰਪੰਚ ਅਤੇ ਪੰਚਾਂ ਵਜੋਂ ਚੋਣ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਬੇਹਤਰ ਇਹ ਹੋਵੇਗਾ ਕਿ ਇਹ ਚੋਣ ਸਰਬਸੰਮਤੀ ਨਾਲ ਕੀਤੀ ਜਾਵੇ ਤਾਂ ਕਿ ਆਪਸੀ ਭਾਈਚਾਰਕ ਸਾਂਝ ਬਰਕਰਾਰ ਰਹਿ ਸਕੇ ਅਤੇ ਪਿੰਡਾਂ ਅੰਦਰ ਕਿਸੇ ਤਰ੍ਹਾਂ ਦੀ ਧੜੇਬੰਦੀ ਵੀ ਪੈਦਾ ਨਾ ਹੋਵੇ। ਉਨ੍ਹਾਂ ਕਿਹਾ ਕਿ ਚੋਣਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ ਪਰ ਅਸੀਂ ਪਿੰਡਾਂ ਵਿੱਚ ਰਹਿੰਦੇ ਹੋਏ ਇੱਕ ਦੂਜੇ ਦੇ ਦੁੱਖ ਸੁੱਖ ਦੇ ਭਾਈਵਾਲ ਬਣਨਾ ਹੁੰਦਾ ਹੈ। ਇਸ ਲਈ ਦੂਰਅੰਦੇਸ਼ੀ ਨਾਲ ਪਿੰਡਾਂ ਦੇ ਪਤਵੰਤਿਆਂ ਨੂੰ ਸਿਰ ਜੋੜ ਕੇ ਪੂਰੀ ਸਮਝਦਾਰੀ ਤੇ ਸੁਹਿਰਦਤਾ ਨਾਲ ਵਧੀਆ ਢੰਗ ਨਾਲ ਚੋਣ ਕਰਨੀ ਚਾਹੀਦੀ ਹੈ। ਸਾਨੂੰ ਅਜਿਹੇ ਪ੍ਰਤੀਨਿਧ ਚੁਣਨੇ ਚਾਹੀਦੇ ਹਨ ਜੋ ਪਿੰਡਾਂ ਦੇ ਮਸਲੇ ਸਹੀ ਢੰਗ ਨਾਲ ਹੱਲ ਕਰਨ ਦੇ ਸਮਰੱਥ ਹੋਣ ਅਤੇ ਨਿਰਪੱਖ ਸੋਚ ਵਾਲੇ ਹੋਣ। ਮੌਜੂਦਾ ਸਮਾਂ ਚੁਣੌਤੀਆਂ ਭਰਪੂਰ ਹੋਣ ਕਾਰਨ ਅਨਪੜ੍ਹ ਵਿਅਕਤੀਆਂ ਤੋਂ ਪਿੰਡਾਂ ਦੇ ਬਹੁਪੱਖੀ ਵਿਕਾਸ ਦੀ ਸੰਭਾਵਨਾ ਘੱਟ ਹੈ। ਉਨ੍ਹਾਂ ਕਿਹਾ ਕਿ ਸਰਬਸੰਮਤੀ ਨਾਲ ਚੋਣ ਕਰਨ ਤੇ ਪੰਜਾਬ ਸਰਕਾਰ ਵੱਲੋਂ ਵੀ ਗ੍ਰਾਂਟ ਮਿਲੇਗੀ ਜਿਸ ਨਾਲ ਪਿੰਡਾਂ ਦਾ ਹੋਰ ਵਿਕਾਸ ਹੋ ਸਕੇਗਾ।



## ਆਪ ਆਗੂ ਗੁਰਮੇਲ ਸਿੰਘ ਘਨੌਰੀ ਸਰਪੰਚੀ ਲਈ ਚੋਣ ਮੈਦਾਨ ਵਿੱਚ ਨਿਤਰੇ

### ਪਿੰਡ ਦੀ ਨੁਹਾਰ ਬਦਲਣ ਲਈ ਦਿਨ ਰਾਤ ਕਰਾਂਗੇ ਕੰਮ

ਸ਼ੇਰਪੁਰ, 6 ਅਕਤੂਬਰ (ਰਣਜੀਤ ਸਿੰਘ ਪੇਧਨੀ)– ਬਲਾਕ ਸ਼ੇਰਪੁਰ ਚ ਪੈਂਦੇਂ ਪਿੰਡ ਘਨੌਰੀ ਕਲਾਂ ਦੀ ਸਰਪੰਚ ਲਈ ਜਰਨਲ ਸੀਟ ਤੋਂ ਪੜ੍ਹੇ ਲਿਖੇ ਅਤੇ ਸਰਬ ਸਾਂਝੇ ਉਮੀਦਵਾਰ ਗੁਰਮੇਲ ਸਿੰਘ ਘਨੌਰੀ ਨੇ ਸਰਪੰਚੀ ਦੀ ਚੋਣ ਲੜਨ ਦਾ ਐਲਾਨ ਕੀਤਾ ਹੈ। ਉਨਾਂ ਆਪਣੇ ਕਾਗਜ਼ ਦਾਖਲ ਕਰਨ ਉਪਰੰਤ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਪਿੰਡ ਦੇ ਸੂਝਵਾਨ ਵੋਟਰਾਂ ਦੇ ਸਹਿਜੋਗ ਨਾਲ ਉਹ ਪਿੰਡ ਦੀ ਕਾਇਆ ਕਲਪ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ ਕਿਉਂਕਿ ਅਜੇ ਵੀ ਨਗਰ ਅੰਦਰ ਬਹੁਤ ਸਾਰੇ ਕਾਰਜਾਂ ਨੂੰ ਨੇਪਰੇ ਚਾੜਨ ਦੀ ਜਰੂਰਤ ਹੈ। ਉਹਨਾਂ ਕਿਹਾ ਕਿ ਪਿੰਡ ਵਿੱਚ ਸ਼ਾਨਦਾਰ ਪਾਰਕ, ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਵਿਸ਼ੇਸ਼ ਪ੍ਰੋਗਰਾਮ, ਲੋੜਵੰਦ ਪਰਿਵਾਰਾਂ ਨੂੰ ਸਰਕਾਰ ਦੀਆਂ ਬਿਨਾਂ ਕਿਸੇ ਪੱਖਪਾਤ ਤੋਂ ਵਿਸ਼ੇਸ਼ ਸਹੂਲਤਾਂ ਦੇਣਾ, ਖੇਡਾਂ ਅਤੇ ਵਿਦਿਅਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਦਾ ਮਾਨ ਸਨਮਾਨ ਤੋਂ ਇਲਾਵਾ ਰਹਿੰਦੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜਨਾ ਉਹਨਾਂ ਦਾ ਮੁੱਖ ਮਕਸਦ ਹੋਵੇਗਾ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਉਨਾਂ ਨੂੰ ਪੂਰਨ ਸਹਿਯੋਗ ਦਿੱਤਾ ਜਾ ਰਿਹਾ ਹੈ ਅਤੇ ਉਹ ਖੁਦ ਅਤੇ ਉਨਾਂ ਦੇ ਸਪੋਰਟਰ ਲਗਾਤਾਰ ਵੱਖ ਵੱਖ ਵਾਰਡਾਂ ਅੰਦਰ ਵੋਟਰਾਂ ਤੱਕ ਪਹੁੰਚ ਕਰ ਰਹੇ ਹਨ।





## ਜਨਮ ਦਿਨ ਮੁਬਾਰਕ

ਨਰਾਇਣਦੀਪ ਸਿੰਘ ਪੁੱਤਰ ਪੱਤਰਕਾਰ ਰਾਮ ਸ਼ਰਨਜੀਤ ਸਿੰਘ ਅਤੇ ਮਾਤਾ ਕਮਲਦੀਪ ਕੌਰ ਸੋਨੀ ਨਿਵਾਸੀ ਜੰਡਿਆਲਾ ਗੁਰੂ ਨੂੰ ਜਨਮਦਿਨ ਦੀਆਂ ਆਵਾਜ਼ਿ ਕੌਮ ਦੀ ਟੀਮ ਵੱਲੋਂ ਵਧਾਈਆਂ।

### ਮਾਮਲਾ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਰੱਦ ਹੋਣ ਦਾ

# ‘ਆਪ’ ਉਮੀਦਵਾਰ ਨੂੰ ਛੱਡ ਬਾਕੀ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਰੱਦ ਹੋਣ ਤੇ ਹਾਈਵੇ ਜਾਮ ਕਰ ਕੀਤਾ ਪ੍ਰਦਰਸ਼ਨ

**ਪ੍ਰਸ਼ਾਸਨ ਵੱਲੋਂ ਤਿੰਨ ਦਿਨਾਂ ੦ਚ ਮਾਮਲੇ ਦੀ ਜਾਂਚ ਦੇ ਮਿਲੇ ਭਰੋਸੇ ਉਪਰੰਤ ਚੁੱਕਿਆ ਜਾਮ • ਉਨਾਂ ਨੇ ਮੁੱਖ ਮੰਤਰੀ ਨੂੰ ਸਵਾਲ ਕੀਤਾ ਕਿ ਜੋ ਪਿਛਲੇ 75 ਸਾਲਾਂ ’ਚ ਨਹੀ ਹੋਇਆ ਉਹ ਹੁਣ ਹੋ ਰਿਹਾ ਹੈ, ਕੀ ਇਹੀ ਬਦਲਾਅ ਹੈ ?**







ਤਲਵੰਡੀ ਸਾਬੋ, 6 ਅਕਤੂਬਰ (ਗੁਰਜੰਟ ਸਿੰਘ ਨਥੇਹਾ)– ਪੰਚਾਇਤੀ ਚੋਣਾਂ ਲਈ ਉਮੀਦਵਾਰਾਂ ਵੱਲੋਂ ਦਾਖਲ ਨਾਮਜ਼ਦਗੀਆਂ ਦੀ ਪੜਤਾਲ ਉਪਰੰਤ ਬੀਤੀ ਦੇਰ ਸ਼ਾਮ ਪ੍ਰਸ਼ਾਸਨ ਵੱਲੋਂ ਜਾਰੀ ਸੂਚੀ ਮੁਤਾਬਿਕ ਬਲਾਕ ਤਲਵੰਡੀ ਸਾਬੋ ਦੇ ਪਿੰਡ ਜਗਾ ਰਾਮ ਤੀਰਥ ਵਿਖੇ ‘ਆਪ’ ਪੱਖੀ ਉਮੀਦਵਾਰ ਨੂੰ ਛੱਡਕੇ ਬਾਕੀ ਉਮੀਦਵਾਰਾਂ ਦੇ ਨਾਮਜ਼ਦਗੀ ਪਰਚੇ ਰੱਦ ਹੋਣ ਤੇ ਰੋਹ ਵਿੱਚ ਆਏ ਉਮੀਦਵਾਰਾਂ ਦੇ ਸਮੱਰਥਕਾਂ ਨੇ ਅੱਜ ਸਵੇਰੇ ਤਲਵੰਡੀ ਸਾਬੋ–ਮਾਨਸਾ–ਸਰਦੂਲਗੜ੍ਹ ਹਾਈਵੇ ਨੂੰ ਜਾਮ ਕਰਕੇ ਪੰਜਾਬ ਸਰਕਾਰ ਅਤੇ ਹਲਕਾ ਵਿਧਾਇਕਾ ਖਿਲਾਫ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਦੱਸਣਾ ਬਣਦਾ ਹੈਕਿ ਪਿੰਡ ਜਗਾ ਰਾਮ ਤੀਰਥ ਜੋ ਕਿ ਕੈਬਨਿਟ ਰੈਂਕ ਪ੍ਰਾਪਤ ਹਲਕਾ ਵਿਧਾਇਕਾ ਬੀਬਾ ਬਲਜਿੰਦਰ ਕੌਰ ਦਾ ਪਿੰਡ ਹੈ ’ਚੋਂ ਸਰਪੰਚੀ ਲਈ ਕਵਰਿੰਗ ਉਮੀਦਵਾਰਾਂ ਸਮੇਤ ਕੁੱਲ ਪੰਜ ਨਾਮਜ਼ਦਗੀਆਂ ਭਰੀਆਂ ਗਈਆਂ ਸਨ।ਕਾਗਜ਼ਾਂ ਦੀ ਜਾਂਚ ਪੜਤਾਲ ਉਪਰੰਤ ਬੀਤੀ ਦੇਰ ਸ਼ਾਮ ਪ੍ਰਸ਼ਾਸਨ ਵੱਲੋਂ ਜਦੋਂ ਯੋਗ/ਅਯੋਗ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਗਈ ਤਾਂ ਉਸ ਮੁਤਾਬਿਕ ਉਕਤ ਪਿੰਡ ’ਚ ‘ਆਪ’ ਪੱਖੀ ਉਮੀਦਵਾਰ ਨੂੰ ਛੱਡਕੇ ਬਾਕੀ ਸਾਰੇ ਉਮੀਦਵਾਰਾਂ ਦੇ ਨਾਮਜ਼ਦਗੀ ਪਰਚੇ ਰੱਦ ਕਰ ਦਿੱਤੇ ਗਏ।ਇਸੇ ਰੋਹ ਵਿੱਚ ਅਯੋਗ ਕਰਾਰ ਦਿੱਤੇ ਉਮੀਦਵਾਰਾਂ ਦੇ ਸਮੱਰਥਕਾਂ ਨੇ ਅੱਜ ਸਵੇਰ ਤੋਂ ਵੱਡੀ ਗਿਣਤੀ ’ਚ ਇਕੱਤਰ ਹੋ ਤਲਵੰਡੀ ਸਾਬੋ–ਮਾਨਸਾ– ਸਰਦੂਲਗੜ੍ਹ ਹਾਈਵੇ ਨੂੰ ਜਾਮ ਕਰਦਿਆਂ ਪੰਜਾਬ ਸਰਕਾਰ ਦੇ ਨਾਲ ਨਾਲ ਹਲਕਾ ਵਿਧਾਇਕਾ ਖਿਲਾਫ ਵੀ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਹਾਈਵੇ ਜਾਮ ਕਰਨ ਦੀ ਸੂਚਨਾ ਤੇ ਥਾਣਾ ਮੁਖੀ ਸਰਬਜੀਤ ਕੌਰ ਦੀ ਅਗਵਾਈ ਹੇਠ ਪੁਲਿਸ ਪਾਰਟੀ ਮੌਕੇ ਤੇ ਪੁੱਜੀ ਅਤੇ ਬਾਅਦ ’ਚ ਡੀ.ਐੱਸ.ਪੀ ਤਲਵੰਡੀ ਸਾਬੋ ਰਾਜੇਸ਼ ਸਨੇਹੀ ਅਤੇ ਨਾਇਬ ਤਹਿਸੀਲਦਾਰ ਨੇ ਪ੍ਰਦਰਸ਼ਨਕਾਰੀਆਂ ਨੂੰ ਸਮਝਾਉਣ ਦੀ ਕੋਸ਼ਿਸ ਕੀਤੀ ਪਰ ਮੇਜਰ ਸਿੰਘ ਸਾਬਕਾ ਸਰਪੰਚ ਅਤੇ ਬਿੱਟੂ ਸੰਧੂ ਦੀ ਅਗਵਾਈ ਹੇਠ ਪ੍ਰਦਰਸ਼ਨਕਾਰੀ ਹਲਕਾ ਵਿਧਾਇਕਾ ਦੀ ਸ਼ਿਹ ’ਤੇ ਗਲਤ ਤਰੀਕੇ ਅਪਨਾ ਕੇ ਉਨਾਂ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰਨ ਦੇ ਕਥਿਤ ਦੋਸ਼ ਲਾਉਂਦਿਆਂ ਕਾਗਜ਼ ਬਹਾਲ ਕਰਵਾ ਕੇ ਪੰਚਾਇਤੀ ਚੋਣ ਕਰਵਾਉਣ ਦੀ ਮੰਗ ਕਰਦਿਆਂ ਪ੍ਰਦਰਸ਼ਨ ਕਰਦੇ ਰਹੇ। ਪ੍ਰਦਰਸ਼ਨ ’ਚ ਬਾਅਦ ਦੁਪਹਿਰ ਕਾਂਗਰਸ ਹਲਕਾ ਇੰਚਾਰਜ ਖੁਸ਼ਬਾਜ ਸਿੰਘ ਜਟਾਣਾ ਨੇ ਸ਼ਮੂਲੀਅਤ ਕਰਦਿਆਂ ਹਲਕਾ ਵਿਧਾਇਕਾ ਅਤੇ ਪ੍ਰਸ਼ਾਸਨ ਉੱਪਰ ਧੱਕੇਸ਼ਾਹੀ ਦੇ ਇਲਜ਼ਾਮ ਲਾਉਂਦਿਆਂ ਉਕਤ ਪ੍ਰਕ੍ਰਿਆ ਨੂੰ ਲੋਕਤੰਤਰ ਦੀ ਹੱਤਿਆ ਕਰਾਰ ਦਿੱਤਾ। ਉਨਾਂ ਨੇ ਮੁੱਖ ਮੰਤਰੀ ਨੂੰ ਸਵਾਲ ਕੀਤਾ ਕਿ ਜੋ ਪਿਛਲੇ 75 ਸਾਲਾਂ ’ਚ ਨਹੀ ਹੋਇਆ ਉਹ ਹੁਣ ਹੋ ਰਿਹਾ ਹੈ, ਕੀ ਇਹੀ ਬਦਲਾਅ ਹੈ ? ਪ੍ਰਦਰਸ਼ਨਕਾਰੀਆਂ ਦੇ ਲੰਬਾਂ ਸਮਾਂ ਡਟੇ ਰਹਿਣ ਤੇ ਐੱਸ.ਡੀ.ਐੱਮ ਹਰਵਿੰਦਰ ਸਿੰਘ ਜੱਸਲ ਮੌਕੇ ’ਤੇ ਪੁੱਜੇ ਅਤੇ ਉਨਾਂ ਵੱਲੋਂ ਉਮੀਦਵਾਰਾਂ ਦੀ ਲਿਖਤੀ ਸ਼ਿਕਾਇਤੀ ਡਿਪਟੀ ਕਮਿਸ਼ਨਰ ਬਠਿੰਡਾ ਕੋਲ ਭੇਜਕੇ ਤਿੰਨ ਦਿਨਾਂ ’ਚ ਕਿਸੇ ਸਮਰੱਥ ਅਧਿਕਾਰੀ ਤੋਂ ਨਿਰਪੱਖ ਜਾਂਚ ਕਰਵਾ ਕੇ ਨਿਯਮਾਂ ਮੁਤਾਬਿਕ ਬਣਦੀ ਕਾਰਵਾਈ ਕਰਨ ਦੇ ਦਿੱਤੇ ਭਰੋਸੇ ਉਪਰੰਤ ਫਿਲਹਾਲ ਪ੍ਰਦਰਸ਼ਨਕਾਰੀਆਂ ਨੇ ਧਰਨਾ ਪ੍ਰਦਰਸ਼ਨ ਖਤਮ ਕਰ ਦਿੱਤਾ। ਪ੍ਰਦਰਸ਼ਨ ’ਚ ਪਿੰਡ ਵਾਸੀਆਂ ਤੋਂ ਇਲਾਵਾ ਕ੍ਰਿਸ਼ਨ ਸਿੰਘ ਭਾਗੀਵਾਂਦਰ ਅਤੇ ਦਰਸ਼ਨ ਸੰਧੂ ਮਾਨਵਾਲਾ ਦੋਵੇਂ ਬਲਾਕ ਕਾਂਗਰਸ ਪ੍ਰਧਾਨ, ਅਵਤਾਰ ਮੈਨੂੰਆਣਾ ਅਤੇ ਜਸਕਰਨ ਗੁਰੂਸਰ, ਦੋਵੇਂ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਆਦਿ ਵੀ ਮੌਜੂਦ ਰਹੇ।

### ਚੋਣ ਆਬਜ਼ਰਬਰ ਵੱਲੋਂ ਪੰਚਾਇਤੀ ਚੋਣਾਂ ਨੂੰ ਲੈ ਕੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ

# ਰਾਜ ਚੋਣ ਕਮਿਸ਼ਨ ਚੋਣਾਂ ਪਾਰਦਰਸ਼ੀ ਅਤੇ ਭੈ ਮੁਕਤ ਮਾਹੌਲ ਵਿੱਚ ਕਰਵਾਉਣ ਲਈ ਵਚਨਬੱਧ




ਜੰਡਿਆਲਾ ਗੁਰੂ 6 ਅਕਤੂਬਰ ( ਕੁਲਵੰਤ ਸਿੰਘ ਵਿਰਦੀ)– ਪੰਚਾਇਤ ਚੋਣਾਂ ਸਬੰਧੀ ਪ੍ਰਕਿਰਿਆ ਦਾ ਜਾਇਜ਼ਾ ਲੈਣ ਲਈ ਸਰਕਾਰ ਵਲੋਂ ਅੰਮ੍ਰਿਤਸਰ ਵਿੱਖੇ ਨਿਯੁਕਤ ਕੀਤੇ ਗਏ ਚੋਣ ਆਬਜ਼ਰਵਰ ਸ੍ਰੀ ਹਰਪ੍ਰੀਤ ਸਿੰਘ ਸੂਦਨ ਨੇ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਉਹਨਾਂ ਨਾਲ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫ਼ਸਰ ਮੈਡਮ ਸ਼ਾਕਸ਼ੀ ਸਾਹਨੀ, ਵਧੀਕ ਡਿਪਟੀ ਕਮਿਸ਼ਨਰ ਕਮ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਸ੍ਰੀਮਤੀ ਪਰਮਜੀਤ ਕੌਰ, ਐਸ.ਐਸ.ਪੀ. ਦਿਹਾਤੀ ਸ: ਚਰਨਜੀਤ ਸਿੰਘ, ਸਹਾਇਕ ਕਮਿਸ਼ਨਰ ਸ੍ਰੀਮਤੀ ਗੁਰਸਿਮਰਨਜੀਤ ਕੌਰ, ਐਸ.ਡੀ.ਐਮ. ਅਜਨਾਲਾ ਸ: ਰਵਿੰਦਰ ਸਿੰਘ ਅਰੋੜਾ, ਐਸ.ਡੀ.ਐਮ. ਬਾਬਾ ਬਕਾਲਾ ਸ: ਅਮਨਦੀਪ ਸਿੰਘ, ਐਸ.ਡੀ.ਐਮ. ਅੰਮ੍ਰਿਤਸਰ–2 ਮਨਕੰਵਲ ਸਿੰਘ ਚਾਹਲ, ਡੀ.ਐਸ.ਪੀ. ਸ੍ਰੀ ਸਮਰ ਵਿਨੀਤ , ਜਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸ੍ਰੀ ਸੰਦੀਪ ਮਲਹੋਤਰਾ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਚੋਣ ਅਬਜ਼ਰਵਰ ਸ੍ਰੀ ਸੂਦਨ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਪੰਚਾਇਤੀ ਚੋਣਾਂ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਭੈਅ ਮੁਕਤ ਮਾਹੌਲ ਵਿੱਚ ਕਰਵਾਈਆਂ ਜਾਣ। ਉਨਾਂ ਪੁਲਿਸ ਅਧਿਕਾਰੀਆਂ ਨੂੰ ਕਿਹਾ ਕਿ ਪਿੰਡ ਵਿੱਚ ਸ਼ਰਾਰਤੀ ਅਨਸਰਾਂ ਤੇ ਨਕੇਲ ਕੱਸੀ ਜਾਵੇ ਅਤੇ ਇਨਾਂ ਚੋਣਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਗੜਬੜੀ ਨੂੰ ਰੋਕਣ ਲਈ ਪੁਖਤਾ ਇੰਤਜ਼ਾਮ ਪਿੰਡ ਪੱਧਰ ਤੱਕ ਹੋਣੇ ਜ਼ਰੂਰੀ ਹਨ। ਉਨਾਂ ਕਿਹਾ ਕਿ ਪੰਚਾਇਤੀ ਚੋਣਾਂ ਚੋਣ ਕਮਿਸ਼ਨ ਵੱਲੋਂ ਵੀ ਪੂਰੇ ਸੂਬੇ ਵਿੱਚ ਚੋਣਾਂ ਨੂੰ ਨਿਰਪੱਖ, ਆਜ਼ਾਦ ਅਤੇ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਾਰੇ ਪੁਖਤਾ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।ਉਨ੍ਹਾਂ ਅੱਗੇ ਕਿਹਾ ਕਿ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 07.10.2024 (ਸੋਮਵਾਰ) ਦੁਪਹਿਰ 03:00 ਵਜੇ ਤੱਕ ਹੈ। ਵੋਟਾਂ 15.10.2024 (ਮੰਗਲਵਾਰ) ਨੂੰ ਬੈਲਟ ਬਕਸਿਆਂ ਰਾਹੀਂ ਸਵੇਰੇ 08.00 ਵਜੇ ਤੋਂ ਸ਼ਾਮ 4.00 ਵਜੇ ਤੱਕ ਪੈਣਗੀਆਂ। ਪੋਲਿੰਗ ਮੁਕੰਮਲ ਹੋਣ ਉਪਰੰਤ ਵੋਟਾਂ ਦੀ ਗਿਣਤੀ ਉਸੇ ਦਿਨ ਪੋਲਿੰਗ ਸਟੇਸ਼ਨ ’ਤੇ ਹੀ ਕੀਤੀ ਜਾਵੇਗੀ।ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਨੇ ਚੋਣ ਆਬਜ਼ਰਵਰ ਨੂੰ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਇਹ ਚੋਣਾਂ ਨੂੰ ਪਾਰਦਰਸ਼ੀ ਅਤੇ ਭੈ ਮੁਕਤ ਮਾਹੌਲ ਵਿੱਚ ਕਰਵਾਉਣ ਲਈ ਵਚਨਬੱਧ ਹੈ। ਉਨਾਂ ਕਿਹਾ ਕਿ ਚੋਣਾਂ ਨੂੰ ਠੀਕ ਢੰਗ ਨਾਲ ਕਰਵਾਉਣ ਲਈ ਅਧਿਕਾਰੀਆਂ/ਕਰਮਚਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਉਨਾਂ ਕਿਹਾ ਕਿ ਚੋਣ ਡਿਊਟੀ ਦੌਰਾਨ ਗੈਰ ਹਾਜ਼ਰ ਰਹਿਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਮੀਟਿੰਗ ਦੌਰਾਨ ਐਸ.ਐਸ.ਪੀ. ਦਿਹਾਤੀ ਨੇ ਚੋਣ ਅਬਜ਼ਰਵਰ ਨੂੰ ਯਕੀਨ ਦਵਾਇਆ ਕਿ ਪੁਲਿਸ ਵਲੋਂ ਚੋਣਾਂ ਦੌਰਾਨ ਸ਼ਾਤੀ ਕਾਇਮ ਰੱਖਣ ਲਈ ਹਰੇਕ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਸ਼ਰਾਰਤੀ ਅਨਸਰਾਂ ਵਿਰੁੱਧ ਵੀ ਮੁਹਿੰਮ ਵਿੱਡੀ ਗਈ ਹੈ।










## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ






# ਇੱਕ ਨਜ਼ਰ...



## ਇਮਾਨਦਾਰੀ ਜ਼ਿੰਦਾ ਹੈ

## ਪਰਸ ਗੁਰਦੁਆਰਾ ਮੁੱਖ ਸੇਵਾਦਾਰ ਬਲਵਿੰਦਰ ਸਿੰਘ ਨੇ ਗਗਨਦੀਪ ਸਿੰਘ ਰਿਆੜ ਦੀ ਹਾਜ਼ਰੀ ਵਿੱਚ ਪਰਿਵਾਰ ਨੂੰ ਕੀਤਾ ਵਾਪਸ

ਸ੍ਰੀ ਹਰਗੋਬਿੰਦਪੁਰ ਸਾਹਿਬ, 6 ਅਕਤੂਬਰ (ਕੁਲਜੀਤ ਸਿੰਘ ਖੋਖਰ)–ਇਮਾਨਦਾਰੀ ਅਜੇ ਜਿੰਦਾ ਹੈ ਜਿਸ ਦੀ ਮਿਸਾਲ ਗੁਰਦੁਆਰਾ ਬਾਬਾ ਰਾਜਾ ਰਾਮ ਹਰਚੋਵਾਲ ਵਿਖੇ ਵੇਖਣ ਨੂੰ ਮਿਲੀ ।ਪ੍ਰਾਪਤ ਜਾਣਕਾਰੀ ਅਨੁਸਾਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ਼ੌਮਣੀ ਅਕਾਲੀ ਦਲ ਦੇ ਜਨਰਲ ਕੌਂਸਲ ਮੈਂਬਰ ਭਾਈ ਗਗਨਦੀਪ ਸਿੰਘ ਰਿਆੜ ਨੂੰ ਔਰਤ ਵਾਲਾਂ ਪਰਸ ਲੱਭਿਆਂ ਤਾਂ ਇਸ ਪਰਸ ਵਿੱਚ ਨਗਦੀ ਤੋਂ ਇਲਾਵਾ ਜ਼ਰੂਰੀ ਕਾਗਜ਼ਾਤ, ਏ ਟੀ ਐਮ ਤੋਂ ਇਲਾਵਾ ਗੋਲਡ ਔਪਰਸ ਵਿੱਚ ਪਿਆ ਹੋਇਆ ਸੀ। ਇਸ ਪਰਸ ਨੂੰ ਗੁਰਦੁਆਰਾ ਰਾਜਾ ਰਾਮ ਮੁੱਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ ਨੂੰ ਦੇ ਦਿੱਤਾ ਗਿਆ।ਥੋੜ੍ਹੀ ਦੇਰ ਬਾਅਦ ਇੱਕ ਔਰਤ ਨੇ ਆਪਣੇ ਗੁੰਮ ਹੋਏ ਪਰਸ ਸੰਬੰਧੀ ਭਾਲ ਕਰਦੀ ਹੋਈ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਏ ਔਰਤ ਨੇ ਗੁੰਮ ਹੋਏ ਪਰਸ ਸੰਬੰਧੀ ਦੱਸਿਆ ਗਿਆ। ਔਰਤ ਨੇ ਆਪਣਾ ਪੈਨ ਕਾਰਡ ਬਾਰੇ ਦੱਸਿਆ ਜਦੋਂ ਪਰਸ ਵਿੱਚ ਪਿਆ ਹੋਇਆ ਸੀ। ਬਾਕੀ ਹੋਰ ਨਿਸ਼ਾਨੀਆਂ ਦੱਸ ਦਿੱਤੀਆਂ ਗਈਆਂ ਤਾਂ ਜਦ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ, ਗਗਨਦੀਪ ਸਿੰਘ ਰਿਆੜ ਵੱਲੋਂ ਪਰਸ ਨੂੰ ਖੋਲ ਕੇ ਦੇਖਿਆ ਤਾਂ ਔਰਤ ਆਪਣੇ ਨਾਮ ਲਖਵਿੰਦਰ ਕੌਰ ਪਤੀ ਸੁਖਵਿੰਦਰ ਸਿੰਘ ਦੱਸਿਆ ਜਦੋਂ ਪੈਨ ਕਾਰਡ ਤੇ ਸਹੀ ਨਾਮ ਮੇਲ ਹੋ ਜਾਣ ਤੋਂ ਬਾਅਦ ਸੰਗਤਾਂ ਦੀ ਹਾਜ਼ਰੀ ਵਿੱਚ ਲਖਵਿੰਦਰ ਕੌਰ ਦਾ ਪਰਸ ਉਸ ਦੇ ਪਤੀ ਸੁਖਵਿੰਦਰ ਸਿੰਘ ਨੂੰ ਦੇ ਦਿੱਤਾ ਗਿਆ। ਪਰਿਵਾਰ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਮੱਸਾ ਸਿੰਘ, ਦਿਲਬਾਗ ਸਿੰਘ, ਕੈਪਟਨ ਸਿੰਘ, ਲਖਵਿੰਦਰ ਸਿੰਘ, ਸਰਵਨ ਸਿੰਘ, ਸੁਖਬੀਰ ਸਿੰਘ ਹਾਜ਼ਰ ਸਨ।

## ਜਰੂਰੀ ਮੁਰੰਮਤ ਦੌਰਾਨ ਅੱਜ ਬਿਜਲੀ ਰਹੇਗੀ ਬੰਦ

ਚੌਕ ਮਹਿਤਾ, 6 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ) – ਉਪ ਮੰਡਲ ਅਫਸਰ ਚਾਟੀਵਿੰਡ ਵਲੋ ਜਾਰੀ ਪ੍ਰੈਸ ਨੋਟ ਰਾਹੀਂ 7 ਅਕਤੂਬਰ ਦਿਨ ਸੋਮਵਾਰ ਨੂੰ ਜਰੂਰੀ ਮੁਰੰਮਤ ਦੌਰਾਨ 66 ਕੇ.ਵੀ ਸਬ ਸਟੇਸਨ ਸੁਲਤਾਨਵਿੰਡ ਭਾਈ ਮੰਝ ਸਾਹਿਬ ਫੀਡਰ ਤੋਂ ਚਲਦੇ ਇਲਾਕੇ ਗੁਰੂ ਅਰਜਨ ਦੇਵ ਨਗਰ, ਦਸਮੇਸ ਨਗਰ, ਨਿਊ ਕੋਟ ਮਿਤ ਸਿੰਘ, ਗ੍ਰੈਂਡ ਸਟੇਟ, ਸਿਲਵਰ ਸਟੇਟ ਅਤੇ ਭਾਈ ਮੰਝ ਸਾਹਿਬ ਦੀ ਸਪਲਾਈ ਸਵੇਰੇ 10 ਵਜੇ ਤੋਂ ਸਾਮ 5 ਵਜੇ ਤੱਕ ਬੰਦ ਰਹੇਗੀ।

## ਪੰਚਾਇਤੀ ਚੋਣਾਂ 'ਚ ਧੱਕੇਸ਼ਾਹੀ ਨਾਲ 'ਆਪ' ਸਰਕਾਰ ਦਾ ਤਾਨਾਸ਼ਾਹੀ ਵਾਲਾ ਚਿਹਰਾ ਹੋਇਆ ਨੰਗਾ- ਜੀਤਮਹਿੰਦਰ ਸਿੱਧੂ

ਤਲਵੰਡੀ ਸਾਬੋ, 6 ਅਕਤੂਬਰ (ਗੁਰਜੰਟ ਸਿੰਘ ਨਥੇਹਾ)– ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਵਾਲਾ ਸਮਾਜ ਸਿਰਜਣ ਦੇ ਨਾਂ ਹੇਠ ਲੋਕਾਂ ਦਾ ਭਾਰੀ ਸਮੱਰਥਨ ਜੁਟਾ ਪੰਜਾਬ ਦੀ ਸੱਤਾ ਤੇ ਕਾਬਿਜ਼ ਹੋਈ ਆਮ ਆਦਮੀ ਪਾਰਟੀ ਸਰਕਾਰ ਦਾ ਪੰਚਾਇਤੀ ਚੋਣਾਂ 'ਚ ਧੱਕੇਸ਼ਾਹੀ ਕਰਨ ਨਾਲ ਜਿੱਥੇ ਤਾਨਾਸ਼ਾਹੀ ਵਾਲਾ ਚਿਹਰਾ ਪੂਰੀ ਤਰ੍ਹਾਂ ਨੰਗਾ ਹੋ ਗਿਆ ਹੈ ਉੱਥੇ ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਇਸ ਪਾਰਟੀ ਦਾ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਦੂਰ ਨੇੜੇ ਦਾ ਵੀ ਕੋਈ ਸਬੰਧ ਨਹੀ।ਉਕਤ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਦੇ ਸੀਨੀਅਰ ਆਗੂ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਨੇ ਇੱਥੋਂ ਜਾਰੀ ਪ੍ਰੈੱਸ ਬਿਆਨ ਰਾਹੀਂ ਕੀਤਾ। ਸਿੱਧੂ ਨੇ ਕਿਹਾ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਸਰਕਾਰ ਹੋਂਦ ਵਿੱਚ ਆਈ ਹੈ ਉਦੋਂ ਤੋਂ ਹੀ ਜਿੱਥੇ ਇਸ ਨੇ ਆਮ ਲੋਕਾਂ ਦੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਹੱਕ ਖੋਹਿਆ ਉੱਥੇ ਲੋਕ ਪੱਖੀ ਮੀਡੀਆ ਦੀ ਆਵਾਜ਼ ਨੂੰ ਬੰਦ ਕਰਨ ਲਈ ਕੋਝੀਆਂ ਚਾਲਾਂ ਚੱਲਦਿਆਂ ਆਪਣੇ ਤਾਨਾਸ਼ਾਹੀ ਚਿਹਰੇ ਦੀ ਝਲਕ ਦਿਖਾਈ। ਪੰਚਾਇਤੀ ਚੋਣਾਂ ਦੇ ਮਾਮਲੇ ਤੇ ਉਨਾਂ ਕਿਹਾ ਕਿ ਪਹਿਲਾਂ ਤਾਂ ਚੋਣਾਂ ਸਮੇਂ ਤੋਂ ਬਹੁਤ ਪਛੜ ਕੇ ਕਰਵਾਈਆਂ ਜਾ ਰਹੀਆਂ ਹਨ ਅਤੇ ਜਦੋਂ ਪੰਚਾਇਤੀ ਚੋਣਾਂ ਦਾ ਵਿਗੁਲ ਵੱਜ ਗਿਆ ਤਾਂ ਪੰਚਾਇਤੀ ਚੋਣਾਂ ਲੜਨ ਦੇ ਚਾਹਵਾਨ ਵਿਰੋਧੀ ਉਮੀਦਵਾਰਾਂ ਨੂੰ ਕਾਗਜ਼ ਦਾਖਿਲ ਕਰਨ ਸਮੇਂ ਐੱਨ.ਓ.ਸੀ ਹਾਸਿਲ ਕਰਨ ਲਈ ਧਰਨੇ ਪ੍ਰਦਰਸ਼ਨਾਂ ਦਾ ਸਹਾਰਾ ਲੈਣਾ ਪਿਆ।ਸਾਬਕਾ ਵਿਧਾਇਕ ਨੇ ਕਿਹਾ ਕਿ ਹੁਣ ਨਾਮਜ਼ਦਗੀਆਂ ਦੀ ਪੜਤਾਲ ਉਪਰੰਤ ਸਾਹਮਣੇ ਆਇਆ ਹੈ ਕਿ ਕਈ ਮਜ਼ਬੂਤ ਉਮੀਦਵਾਰਾਂ ਦੇ ਕਾਗਜ਼ ਬੇ ਸਿਰ ਪੈਰ ਦੇ ਇਲਜ਼ਾਮਾਂ ਤਹਿਤ ਰੱਦ ਕਰ ਦਿੱਤੇ ਗਏ ਹਨ ਜੋ ਧੱਕੇਸ਼ਾਹੀ ਦੀ ਸਿਖਰ ਹੈ ਉਨਾਂ ਕਿਹਾ ਕਿ ਪਾਰਦਰਸ਼ੀ ਅਤੇ ਸਾਫ ਸੁਥਰਾ ਸ਼ਾਸਨ ਮੁਹੱਈਆ ਕਰਨ ਦੇ ਦਾਅਵੇ ਕਰਨ ਵਾਲੀ 'ਆਪ' ਦੀ ਸਰਕਾਰ ਨੇ ਲੋਕ ਸਭਾ ਚੋਣਾਂ 'ਚ ਭਾਰੀ ਹਾਰ ਮਗਰੋਂ ਹੁਣ ਹਰ ਹੀਲੇ ਆਪਣੇ ਬੰਦਿਆਂ ਨੂੰ ਪੰਚਾਇਤਾਂ 'ਚ ਫਿੱਟ ਕਰਨ ਲਈ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ ਜਿਸਦਾ ਨਤੀਜਾ ਇੰਨ੍ਹਾਂ ਨੂੰ ਅੱਗੇ ਭੁਗਤਣਾ ਪਵੇਗਾ।



## ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ 350 ਜੰਗਲ ਵਿਕਸਤ ਕੀਤੇ ਜਾਣਗੇ

ਨਵੀਂ ਦਿੱਲੀ 6 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):– 2025 ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਮਨਾਉਣ ਲਈ ਪੰਜਾਬ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਈਕੋ ਨੇਚਰ ਪਾਰਕ ਪ੍ਰੋਗਰਾਮ ਤਹਿਤ 350 ਜੰਗਲਾਂ ਦਾ ਵਿਕਾਸ ਕੀਤਾ ਜਾਵੇਗਾ। ਇਹ ਐਲਾਨ ਡਾ: ਵਿਕਰਮਜੀਤ ਸਿੰਘ ਸਾਹਨੀ, ਸੰਸਦ ਮੈਂਬਰ ਰਾਜ ਸਭਾ ਨੇ ਵਾਸ਼ਿੰਗਟਨ, ਅਮਰੀਕਾ ਦੇ ਡਾ: ਰਾਜਵੰਤ ਸਿੰਘ ਦੁਆਰਾ ਸਥਾਪਿਤ ਈਕੋਸਿੱਖ ਦੇ 15 ਸਾਲ ਪੂਰੇ ਹੋਣ ਦੇ ਮੌਕੇ 'ਤੇ ਬੋਲਦਿਆਂ ਕੀਤਾ, ਜਿਸ ਨੇ ਸ੍ਰੀ ਗੁਰੂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ 100 ਤੋਂ ਵੱਧ ਜੰਗਲ ਲਗਾਏ ਸਨ। ਡਾ: ਸਾਹਨੀ ਨੇ ਪੰਜਾਬ ਨੂੰ ਦਰਪੇਸ਼ ਮੌਜੂਦਾ ਵਾਤਾਵਰਣਕ ਚੁਣੌਤੀਆਂ ਜਿਵੇਂ ਕਿ ਪ੍ਰਦੂਸ਼ਣ, ਪਾਣੀ ਦੇ ਘਟ ਰਹੇ ਪੱਧਰ, ਧਰਤੀ ਹੇਠਲੇ ਪਾਣੀ ਵਿੱਚ ਉੱਚ ਆਰਸੈਨਿਕ ਅਤੇ ਯੂਰੇਨੀਅਮ ਦੀ ਗੰਦਗੀ ਆਦਿ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਡਾ: ਸਾਹਨੀ ਨੇ ਅੱਗੇ ਕਿਹਾ ਕਿ ਪੰਜਾਬ ਦਾ ਏਕਿਊਆਈ ਪੱਧਰ ਵਿਸ਼ਵ ਸਿਹਤ ਸੰਗਠਨ ਦੇ ਨਿਰਧਾਰਿਤ ਪੱਧਰ ਨਾਲੋਂ ਦੁੱਗਣਾ ਹੈ, ਇਸ ਲਈ ਜੰਗਲਾਂ ਦੀ ਕਟਾਈ ਨੂੰ ਰੋਕਣ ਦੇ ਨਾਲ–ਨਾਲ ਜੰਗਲਾਂ ਦਾ ਵਿਕਾਸ ਕਰਨਾ ਬਹੁਤ ਜ਼ਰੂਰੀ ਹੈ। ਇਸ ਮੌਕੇ ਬਾਬਾ ਸੇਵਾ ਸਿੰਘ ਜੀ ਅਤੇ ਸਾਬਕਾ ਸੰਸ ਦ ਮੈਂਬਰ ਸ੍ਰ ਤਰਲੋਚਨ ਸਿੰਘ ਨੇ ਵੀ ਈਕੋ ਸਿੱਖ ਐਂਡ ਸਨ ਫਾਊਂਡੇਸ਼ਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

### ਲਵਸ਼ਿੰਦਰ ਸਿੰਘ ਡੱਲੇਵਾਲ ਦੀ ਕਿਤਾਬ 'ਸੰਘਰਸ਼ ਦਾ ਦੌਰ ' ਨੇ ਕੈਨੇਡਾ ਵਿਚ ਦਿੱਤੀ ਦਸਤਕ

# ਬੀਬੀ ਰਸ਼ਿਪੰਦਰ ਕੌਰ ਵਲੋਂ ਸੰਪਾਦਤ ਕਿਤਾਬ ਨੂੰ ਪੰਥਕ ਆਗੂਆਂ ਵਲੋਂ ਕੀਤਾ ਗਿਆ ਰਿਲੀਜ਼

**ਇਸ ਕਿਤਾਬ ਵਿੱਚ ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸਿੱਖ ਸੰਘਰਸ਼ ਦੌਰਾਨ ਵਾਪਰੀਆਂ ਅਨੇਕਾਂ ਹੱਡ ਬੀਤੀਆਂ ਘਟਨਾਵਾਂ ਦਾ ਵਰਨਣ ਕਰਦਿਆਂ ਅਨੇਕਾਂ ਯਾਦਾਂ ਦੀ ਸਾਂਝ ਪਾਈ ਹੈ। ਸੰਘਰਸ਼ ਦੌਰਾਨ ਸਿੱਖ ਪਰਿਵਾਰਾਂ ਵਿੱਚ ਜੁਝਾਰੂਆਂ ਪ੍ਰਤੀ ਅਥਾਹ ਪਿਆਰ ਅਤੇ ਸਤਿਕਾਰ ਦਾ ਵਰਨਣ ਹੈ ....**






ਟੌਰਾਂਟੋ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)– ਸਿੱਖ ਸੰਘਰਸ਼ ਦੌਰਾਨ ਸਿੱਖ ਨੌਜਵਾਨਾਂ ਨੂੰ ਪੰਜਾਬ ਪੁਲਿਸ ਦੇ ਅਧਿਕਾਰੀਆਂ ਵਲੋਂ ਆਰਥਿਕ ਲਾਭ ਪ੍ਰਾਪਤ ਕਰਨ ਅਤੇ ਤਰੱਕੀਆਂ ਦੇ ਹਲ਼ਕ ਵਿੱਚ ਵੱਡੀ ਪੱਧਰ ਤੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕੀਤਾ ਗਿਆ ,ਜਿਹਨਾਂ ਦੀ ਸਹੀ ਗਿਣਤੀ ਕਰਨੀ ਵੀ ਮੁਸ਼ਿਕਲ ਹੈ। ਪੰਜਾਬ ਦੀ ਹਰ, ਨਹਿਰ ਅਤੇ ਡਰੇਨ ਦੇ ਪੁਲ ਹੋਣ ਜਾਂ ਚੌਰਾਹੇ ਹਨ ਉਹ ਸਿੱਖ ਨੌਜਵਾਨਾਂ ਦੇ ਖੂਨ ਨਾਲ ਲੱਥਪੱਥ ਕੀਤੇ ਗਏ। ਉਹਨਾਂ ਜ਼ਾਲਮ ਪੁਲਿਸ ਅਧਿਕਾਰੀਆਂ ਦੀ ਕਾਲੀ ਸੂਚੀ ,ਪੁਲਿਸ ਕੈਟਾਂ ਨੂੰ ਬੇਨਕਾਬ ਕਰਦੀ ਹੋਈ , ਸੰਘਰਸ਼ ਦੌਰਾਨ ਗੌਰਵਮਈ ਐਕਸ਼ਨਾਂ ਦੀ ਸਾਂਝ ਪਾਉਂਦੀ ਹੋਈ,ਸਿੱਖ ਬਜੁਰਗਾਂ ਦੇ ਅਦਿੱਖ ਯੋਗਦਾਨ ਨੂੰ ਰੂਪਮਾਨ ਕਰਦੀ ਹੋਈ ਅਤੇ ਸਿੱਖ ਪਰਿਵਾਰਾਂ ਵਿੱਚ ਸਿੱਖ ਜੁਝਾਰੂਆਂ ਪ੍ਰਤੀ ਪਿਆਰ ਅਤੇ ਸਨੇਹ ਦੀ ਗਵਾਹੀ ਭਰਦੀ ਹੋਈ ਕਿਤਾਬ ਸੰਘਰਸ਼ ਦਾ ਦੌਰ ਕੈਨੇਡਾ ਦੇ ਸ਼ਹਿਰ ਟੌਰਾਂਟੋ ਵਿੱਚ ਰਿਲੀਜ਼ ਕੀਤੀ ਗਈ। ਜਿਕਰਯੋਗ ਹੈ ਕਿ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਵਲੋਂ ਅਰੰਭੇ ਹੋਏ ਸਿੱਖ ਸੰਘਰਸ਼ ਬਾਰੇ ਅਤੇ ਸਿੱਖ ਸੰਘਰਸ਼ ਦੇ ਸ਼ਹੀਦਾਂ ਬਾਰੇ ਤਰਾਂ ਤਰਾਂ ਦੇ ਭਰਮ ਭੁਲੇਖੇ ਪਾਏ ਜਾ ਰਹੇ ਹਨ । ਭਾਰਤ ਸਰਕਾਰ ਦੇ ਕਰਿੰਦੇ ਸਿੱਖ ਸ਼ਹੀਦਾਂ ,ਸਿੱਖ ਜੁਝਾਰੂਆਂ ਅਤੇ ਸੰਘਰਸ਼ ਦੌਰਾਨ ਕੀਤੇ ਗਏ ਮਾਣਮੱਤੇ ਐਕਸ਼ਨਾਂ ਨੂੰ ਆਪਣੀ ਅਲੋਚਨਾ ਦਾ ਸ਼ਿਕਾਰ ਬਣਾ ਰਹੇ ਹਨ ਤਾਂ ਕਿ ਸਿੱਖ ਸੰਘਰਸ਼ ਨੂੰ ਬਦਨਾਮ ਕੀਤਾ ਜਾ ਸਕੇ ।ਲੰਗੜੇ ਲੂਲੇ ਵੀ ਸਿੱਖ ਦੁਸ਼ਮਣ ਸਰਕਾਰਾਂ ਦੇ ਫੀਲੇ ਬਣਕੇ ਝੂਠੀਆਂ ਕਹਾਣੀਆਂ ਬਣਾ ਬਣਾ ਕੇ ਆਪਣੇ ਕਮਰਿਆਂ ਵਿੱਚ ਬੈਠ ਕੇ ਸਿੱਖ ਸੰਘਰਸ਼, ਸਿੱਖ ਸ਼ਹੀਦਾਂ ਅਤੇ ਸ਼ਹੀਦਾਂ ਦੀ ਸੋਚ ਦੇ ਵਾਰਸ ਬਣਕੇ ਡੱਟ ਕੇ ਪਹਿਰਾ ਦੇ ਰਹੇ ਸਿੰਘਾਂ ਖਿਲਾਫ ਸੌ ਫੀਸਦੀ ਝੂਠ ਬੋਲ ਬੋਲ ਸਿੱਖ ਦੁਸ਼ਮਣ ਲਾਬੀ ਨੂੰ ਖੁਸ਼ ਕਰ ਰਹੇ ਹਨ ।ਸੰਘਰਸ਼ ਦਾ ਦੌਰ ਨਾਮੀ ਕਿਤਾਬ ਵਿੱਚ ਸਰਕਾਰ ਪੱਖੀ ਇਸ ਵਰਤਾਰੇ ਦਾ ਟਾਕਰਾ ਕਰਦਿਆਂ ਸਿੱਖ ਸੰਘਰਸ਼ ਦੇ ਪਾਕਿ ਪਵਿੱਤਰ ਅਕਸ ਨੂੰ ਸਹੀ ਅਰਥਾਂ ਵਿੱਚ ਬਿਆਨ ਕਰਨ ਦਾ ਯਤਨ ਕੀਤਾ ਗਿਆ ਹੈ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਲਿਖੀ ਗਈ ਅਤੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੀ ਪ੍ਰਧਾਨ ਬੀਬੀ ਰਸ਼ਿਪੰਦਰ ਕੌਰ ਗਿੱਲ ਵਲੋਂ ਸੰਪਾਦਤ ਕੀਤੀ ਗਈ ਕਿਤਾਬ ਸੰਘਰਸ਼ ਦਾ ਦੌਰ ਨੂੰ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿੱਚ ਰਿਲੀਜ਼ ਕੀਤਾ ਗਿਆ। ਇਸ ਕਿਤਾਬ ਵਿੱਚ ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸਿੱਖ ਸੰਘਰਸ਼ ਦੌਰਾਨ ਵਾਪਰੀਆਂ ਅਨੇਕਾਂ ਹੱਡ ਬੀਤੀਆਂ ਘਟਨਾਵਾਂ ਦਾ ਵਰਨਣ ਕਰਦਿਆਂ ਅਨੇਕਾਂ ਯਾਦਾਂ ਦੀ ਸਾਂਝ ਪਾਈ ਹੈ। ਸੰਘਰਸ਼ ਦੌਰਾਨ ਸਿੱਖ ਪਰਿਵਾਰਾਂ ਵਿੱਚ ਜੁਝਾਰੂਆਂ ਪ੍ਰਤੀ ਅਥਾਹ ਪਿਆਰ ਅਤੇ ਸਤਿਕਾਰ ਦਾ ਵਰਨਣ ਹੈ ਉੱਥੇ ਮਾਤਾਵਾਂ ਅਤੇ ਬਜੁਰਗਾਂ ਵਲੋਂ ਜੁਝਾਰੂਆਂ ਦੀ ਚੜਦੀ ਕਲਾ ਵਾਸਤੇ ਪਾਏ ਗਏ ਅਦਿੱਖ ਯੋਗਦਾਨ ਦਾ ਵਰਨਣ ਹੈ ।ਲੇਖਕ ਦੇ ਹੱਡੀਂ ਹੰਢਾਏ ਅਤੇ ਅੱਖੀਂ ਵੇਖੇ ਸੰਘਰਸ਼ ਦੀ ਦਾਸਤਾਨ ਭਰਪੂਰ ਇਸ ਕਿਤਾਬ ਨੂੰ ਪਿਛਲੇ ਦਿਨੀਂ ਪੰਜਾਬ ਵਿੱਚ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦੇ ਸਾਲਾਨਾ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਅਕਾਲ ਤਖਤ ਸਾਹਿਬ ,ਸ੍ਰੀ ਅੰਮ੍ਰਿਤਸਰ ਵਿਖੇ ਰਿਲੀਜ਼ ਕੀਤਾ ਗਿਆ ਸੀ ਅਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਦਸਤਾਰਬੰਦੀ ਦਿਵਸ ਨੂੰ ਸਮਰਪਿਤ ਕਰਦਿਆਂ 25 ਅਗਸਤ 2024 ਨੂੰ ਜਲੰਧਰ ਵਿੱਚ ਪਾਵਨ ਅਸਥਾਨ ਛੇਵੀਂ ਪਾਤਸ਼ਾਹੀ ਗੁਰੂਦੁਆਰਾ ਸਾਹਿਬ ਵਿਖੇ ਲੋਕ ਅਰਪਿਤ ਕੀਤਾ ਗਿਆ ਸੀ ।ਟੌਰਾਂਟੋ ਦੇ ਗੁਰਦਵਾਰਾ ਗੁਰੂ ਨਾਨਕ ਮਿਸ਼ਨ ,ਪੀਟਰ ਰੌਬਸਨ ਰੋਡ ਤੇ ਵਿਖੇ ਭਾਈ ਸੁਖਦੇਵ ਸਿੰਘ ਗਿੱਲ ਵਲੋਂ ਚਲਾਏ ਜਾ ਰਹੇ ਅੱਜ ਦੀ ਅਵਾਜਿ ਰੇਡੀਉ ਦੀ 28 ਵੀਂ ਵਰੇ ਗੰਢ ਨੂੰ ਸਮਰਪਿਤ ਵਿਸ਼ਾਲ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਵੱਖ ਵੱਖ ਪੰਥਕ ਆਗੂਆਂ ਨੇ ਸਿੱਖ ਸੰਗਤਾਂ ਨੂੰ ਸੰਬੋਧਨ ਕਰਦਿਆਂ ਭਾਈ ਸੁਖਦੇਵ ਸਿੰਘ ਵਲੋਂ ਖਾਲਿਸਤਾਨ ਬਾਰੇ ਅੱਜ ਦੀ ਆਵਾਜ ਰੇਡੀਓ ਰਾਹੀਂ ਪਾਏ ਜਾ ਰਹੇ ਉਸਾਰੂ ਯੋਗਦਾਨ ਦੀ ਤਹਿ ਸ਼ਲਾਘਾ ਕੀਤੀ ।ਉਨਟਾਰੀਉ ਗੁਰਦਵਾਰਾ ਕੌਂਸਲ ਦੇ ਪ੍ਰਧਾਨ ਭਾਈ ਅਮਰਜੀਤ ਸਿੰਘ ਮਾਨ, ਭਾਈ ਸੁਖਦੇਵ ਸਿੰਘ ਗਿੱਲ ,ਭਾਈ ਭਗਤ ਸਿੰਘ, ਭਾਈ ਅਵਤਾਰ ਸਿੰਘ ਪੂਨੀਆਂ ਸਮੇਤ ਵੱਖ ਵੱਖ ਪੰਥਕ ਆਗੂਆਂ ਵਲੋਂ ਜਿੱਥੇ ਖਾਲਿਸਤਾਨ ਦੇ ਸੰਘਰਸ਼ ਦੌਰਾਨ ਆਪਾ ਨਿਛਾਵਰ ਕਰ ਗਏ ਸੂਰਬੀਰ ਯੋਧਿਆਂ ਨੂੰ ਸਿੱਜਦਾ ਕੀਤਾ ਗਿਆ ਉੱਥੇ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦਾ ਅਹਿਦ ਦੁਹਰਾਇਆ ਗਿਆ। ਇਸ ਮੌਕੇ ਯੂ,ਕੇ ਤੋਂ ਕੈਨੇਡਾ ਪਹੁੰਚੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਭਾਈ ਅਮਰਜੀਤ ਸਿੰਘ ਮਾਨ ਪ੍ਰਧਾਨ ਉਨਟਾਰੀਉ ਗੁਰਦਵਾਰਾ ਕੌਂਸਲ ਸਮੇਤ ਸਮੂਹ ਪੰਥਕ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਆਖਿਆ ਗਿਆ ਕਿ ਖਾਲਿਸਤਾਨ ਦਾ ਸੰਘਰਸ਼ ਜਾਰੀ ਰਹੇਗਾ ।

## ਡਰਬੀ ਅਤੇ ਕਾਵੈਂਟਰੀ ਵਿੱਚ ਭਾਈ ਡੱਲੇਵਾਲ ਦੀ ਕਿਤਾਬ 'ਸੰਘਰਸ਼ ਦਾ ਦੌਰ' ਰਿਲੀਜ਼ ਕੀਤੀ ਗਈ





ਲੰਡਨ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)– ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਵਲੋਂ ਅਰੰਭੇ ਹੋਏ ਸਿੱਖ ਸੰਘਰਸ਼ ਬਾਰੇ ਅਤੇ ਸਿੱਖ ਸੰਘਰਸ਼ ਦੇ ਸ਼ਹੀਦਾਂ ਬਾਰੇ ਤਰਾਂ ਤਰਾਂ ਦੇ ਭਰਮ ਭੁਲੇਖੇ ਪਾਏ ਜਾ ਰਹੇ ਹਨ । ਭਾਰਤ ਸਰਕਾਰ ਦੇ ਕਰਿੰਦੇ ਸਿੱਖ ਸ਼ਹੀਦਾਂ ,ਸਿੱਖ ਜੁਝਾਰੂਆਂ ਅਤੇ ਸੰਘਰਸ਼ ਦੌਰਾਨ ਕੀਤੇ ਗਏ ਮਾਣਮੱਤੇ ਐਕਸ਼ਨਾਂ ਨੂੰ ਆਪਣੀ ਅਲੋਚਨਾ ਦਾ ਸ਼ਿਕਾਰ ਬਣਾ ਰਹੇ ਹਨ ਤਾਂ ਕਿ ਸਿੱਖ ਸੰਘਰਸ਼ ਨੂੰ ਬਦਨਾਮ ਕੀਤਾ ਜਾ ਸਕੇ।ਝੂਠੀਆਂ ਕਹਾਣੀਆਂ ਬਣਾ ਬਣਾ ਕੇ ਆਪਣੇ ਕਮਰਿਆਂ ਵਿੱਚ ਬੈਠ ਕੇ ਸਿੱਖ ਸੰਘਰਸ਼, ਸਿੱਖ ਸ਼ਹੀਦਾਂ ਅਤੇ ਸ਼ਹੀਦਾਂ ਦੀ ਸੋਚ ਦੇ ਵਾਰਸ ਬਣਕੇ ਡੱਟ ਕੇ ਪਹਿਰਾ ਦੇ ਰਹੇ ਸਿੰਘਾਂ ਖਿਲਾਫ ਸੌ ਫੀਸਦੀ ਝੂਠ ਬੋਲ ਬੋਲ ਸਿੱਖ ਦੁਸ਼ਮਣ ਲਾਬੀ ਨੂੰ ਖੁਸ਼ ਕਰ ਰਹੇ ਹਨ । ਸਰਕਾਰ ਪੱਖੀ ਇਸ ਵਰਤਾਰੇ ਦਾ ਟਾਕਰਾ ਕਰਦਿਆਂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਲਿਖੀ ਗਈ ਅਤੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੇ ਪ੍ਰਧਾਨ ਬੀਬੀ ਰਸ਼ਿਪੰਦਰ ਕੌਰ ਗਿੱਲ ਵਲੋਂ ਸੰਪਾਦਤ ਕੀਤੀ ਗਈ ਕਿਤਾਬ ਸੰਘਰਸ਼ ਦਾ ਦੌਰ ਸਿੱਖ ਕੌਮ ਨੂੰ ਅਰਪਿਤ ਕੀਤੀ ਗਈ ਹੈ ।ਯੂ,ਕੇ ਵਿੱਚ ਇਹ ਕਿਤਾਬ ਐਤਵਾਰ ਵਾਲੇ ਦਿਨ ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਕਾਵੈਂਟਰੀ ਅਤੇ ਗੁਰਦਵਾਰਾ ਸਿੰਘ ਸਭਾ ਡਰਬੀ ਵਿੱਚ ਪੂਰੇ ਜੋਸ਼ੋ ਖਰੋਸ਼ ਨਾਲ ਰਿਲੀਜ਼ ਕੀਤੀ ਗਈ । ਗੁਰੂ ਨਾਨਕ ਪ੍ਰਕਾਸ਼ ਗੁਰਦਵਾਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਅਵਤਾਰ ਸਿੰਘ, ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਭਾਈ ਜਗਰੂਪ ਸਿੰਘ, ਸਟੇਜ ਸਕੱਤਰ ਭਾਈ ਗੁਰਜੀਤ ਸਿੰਘ, ਸਾਬਕਾ ਪ੍ਰਧਾਨ ਭਾਈ ਪਵਿੱਤਰ ਸਿੰਘ ਖੈਰਾ, ਕਵੀਸ਼ਰ ਭਾਈ ਹਰਵਿੰਦਰ ਸਿੰਘ ਵਲੋਂ ਇਸ ਰਿਲੀਜ਼ ਕੀਤਾ ਗਿਆ। ਜਦਕਿ ਡਰਬੀ ਵਿੱਚ ਗੁਰਦਵਾਰਾ ਸਿੰਘ ਸਭਾ ਵਿਖੇ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ, ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਸ਼ਹੀਦ ਭਾਈ ਅਨੋਖ ਸਿੰਘ ਬੱਬਰ ਦੇ ਸ਼ਹੀਦੀ ਸਮਾਗਮ ਦੌਰਾਨ ਭਾਈ ਜੋਗਾ ਸਿੰਘ ਕੋਆਰਡੀਨੇਟਰ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨ ਯੂ,ਕੇ,ਭਾਈ ਮਨਪ੍ਰੀਤ ਸਿੰਘ ਵਲਰਡ ਸਿੱਖ ਪਾਰਲੀਮੈਂਟ ,ਭਾਈ ਹਰਵਿੰਦਰ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਹਰਜਿੰਦਰ ਸਿੰਘ , ਸਿੱਖ ਫਾਰ ਜਸਟਿਸ ਦੇ ਭਾਈ ਜੀਤਾ ਸਿੰਘ ਸਮੇਤ ਸਿੱਖ ਆਗੂਆਂ ਵਲੋਂ ਰਿਲੀਜ਼ ਕੀਤਾ ਗਿਆ। ਇਸ ਕਿਤਾਬ ਵਿੱਚ ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸਿੱਖ ਸੰਘਰਸ਼ ਦੌਰਾਨ ਵਾਪਰੀਆਂ ਅਨੇਕਾਂ ਹੱਡ ਬੀਤੀਆਂ ਘਟਨਾਵਾਂ ਦਾ ਵਰਨਣ ਕਰਦਿਆਂ ਅਨੇਕਾਂ ਯਾਦਾਂ ਦੀ ਸਾਂਝ ਪਾਈ ਹੈ। ਸੰਘਰਸ਼ ਦੌਰਾਨ ਸਿੱਖ ਪਰਿਵਾਰਾਂ ਵਿੱਚ ਜੁਝਾਰੂਆਂ ਪ੍ਰਤੀ ਅਥਾਹ ਪਿਆਰ ਅਤੇ ਸਤਿਕਾਰ ਦਾ ਵਰਨਣ ਹੈ ਉੱਥੇ ਮਾਤਾਵਾਂ ਅਤੇ ਬਜੁਰਗਾਂ ਵਲੋਂ ਜੁਝਾਰੂਆਂ ਦੀ ਚੜਦੀ ਕਲਾ ਵਾਸਤੇ ਪਾਏ ਗਏ ਅਦਿੱਖ ਯੋਗਦਾਨ ਦੀ ਸਾਂਝ ਹੈ ।ਜਿਕਰਯੋਗ ਹੈ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਅਤੇ ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੂੰ ਭਾਰਤ ਸਰਕਾਰ ਨੂੰ ਮੋਸਟ ਵਾਂਟਿਡ ਐਲਾਨਿਆ ਹੋਇਆ ਹੈ ਜਿਸ ਖਿਲਾਫ ਪੁਲਿਸ ਨੇ ਪੰਜਾਬ ਵਿੱਚ ਕਈ ਮੁਕੱਦਮੇ ਦਰਜ ਕੀਤੇ ਹੋਏ ਹਨ। ਲੇਖਕ ਦੇ ਹੱਡੀਂ ਹੰਢਾਏ ਅੱਖੀਂ ਵੇਖੇ ਸੰਘਰਸ਼ ਨੂੰ ਦਰਸਾਉਂਦੀ ਇਸ ਕਿਤਾਬ ਨੂੰ ਪਿਛਲੇ ਦਿਨੀਂ ਪੰਜਾਬ ਵਿੱਚ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦੇ ਸਾਲਾਨਾ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਰਿਲੀਜ਼ ਕੀਤਾ ਗਿਆ ਸੀ ਅਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਦਸਤਾਰਬੰਦੀ ਦਿਵਸ ਨੂੰ ਸਮਰਪਿਤ ਕਰਦਿਆਂ 25 ਅਗਸਤ 2024 ਨੂੰ ਜਲੰਧਰ ਵਿੱਚ ਪਾਵਨ ਅਸਥਾਨ ਛੇਵੀਂ ਪਾਤਸ਼ਾਹੀ ਗੁਰੂਦੁਆਰਾ ਸਾਹਿਬ ਵਿਖੇ ਲੋਕ ਅਰਪਿਤ ਕੀਤਾ ਗਿਆ ਸੀ ।


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote


KHALSA FORGE
Explore a stunning collection of high-quality Damascus and Sarbloh Kirpans, meticulously crafted for excellence.
www.khalsaforge.com
ਖਾਲਸਾ ਫੋਰਜ
ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।
ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।
www.khalsaforge.com

# HAYES PLANT HIRE

WE TRAIN YOU GAIN

NPORS ACCREDITED


Telescopic Handler


Excavator 360


Road Roller


Forward Tipping Dumper


Tractor


Dozer

Plant Training and Testing on All CATEGORIES OF **MACHINERY.**


Dump Truck

# HAYES PLANT HIRE

ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ

NROPS Accredited

ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।

**CONTACT- 07831543004**

Hollis Farm, Clay Cross Chesterfield. S45 9BA

01246864370

ਆਵਾਜ਼ਿ ਕੌਮ AWAZE QAUM International Newspaper & WEB TV

CALL US TO BOOK YOUR CSCS LEVEL ONE COURSE.

**077151-28621**




# • ਪੁਰਜ਼ੋਰ ਅਪੀਲ •

ਦੇਸ਼ ਵਿਦੇਸ਼ ਵਿੱਚ ਵੱਸਦੀ ਸਮੂਹ ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤੀ ਹਕੂਮਤ ਦੇ ਹੁਕਮਾਂ ਤੇ ਸਿੱਖਾਂ ਦੇ ਪਾਵਨ ਪਵਿੱਤਰ ਅਸਥਾਨ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੇ ਧਾੜਵੀ ਬਣਕੇ ਆਕੇ ਟੈਂਕਾਂ ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੇ ਜਰਨਲ ਵੈਦਿਆ ਨੂੰ ਸੋਧਾ ਲਾਕੇ ਸਿੱਖ ਕੌਮ ਦੀ ਡਿੱਗੀ ਪੱਗ ਸਿਰ ਤੇ ਰੱਖਣ ਵਾਲੇ ਸੂਰਬੀਰ ਯੋਧੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਜੀ ਦੀ 32ਵੀਂ ਬਰਸੀ ਉਹਨਾਂ ਦੇ ਜੱਦੀ ਪਿੰਡ ਗੱਦਲੀ, ਜਿਲਾ ਅੰਮ੍ਰਿਤਸਰ ਵਿਖੇ 9 ਅਕਤੂਬਰ 2024 ਨੂੰ ਮਨਾਈ ਜਾ ਰਹੀ ਹੈ। ਆਪ ਸਭ ਨੇ ਆਪਣੇਂ ਕੀਮਤੀ ਰੁਝੇਵਿਆਂ ਚੋਂ ਸਮਾਂ ਕੱਢ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਬੇਨਤੀ ਕਰਤਾ :-

## ਭਾਈ ਭੁਪਿੰਦਰ ਸਿੰਘ ਗੱਦਲੀ

**(ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ)**


DHAN DHAN SRI GURU NANAK DEV JI'S
PARKASH PURAB
SANDWELL
NAGAR
KIRTAN
ਨਗਰ ਕੀਰਤਨ
SUNDAY 3 NOV 2024
GURDWARA GURU HAR RAI SAHIB JI
George Street, West Bromwich
START 9.00AM
GURU NANAK GURDWARA
Edward Street, West Bromwich
11.00AM
GURDWARA AMRIT PARCHAR DHARMIK DIWAN
Birmingham Road, Oldbury
1.00PM
GURDWARA GURU MANEYO GRANTH
Popes Lane, Oldbury
2.00PM
GURDWARA BABA SANG
St Paul's Road, Smethwick
3.15PM
GURU NANAK GURDWARA SMETHWICK
High Street, Smethwick
4.00pm FINISH
ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ
ਜੋਰਜ ਸਟਰੀਟ ਵੈਸਟ ਬ੍ਰਮਵਿਚ
ਅਰੰਭਤਾ: ੯.੦੦ ਵਜੇ
ਗੁਰੂ ਨਾਨਕ ਗੁਰਦੁਆਰਾ,
ਏਡਵਰਡ ਸਟਰੀਟ ਵੈਸਟ ਬ੍ਰਮਵਿਚ
੧੧.੦੦ ਵਜੇ
ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ
ਬ੍ਰਮਿੰਘਮ ਰੋਡ, ਓਲਡਬਰੀ
੧.੦੦ ਵਜੇ
ਗੁਰਦੁਆਰਾ ਗੁਰੂ ਮਾਨਯੋ ਗ੍ਰੰਥ
ਪੋਪਸ ਲੇਨ, ਓਲਦਬਰੀ
੨.੦੦ ਵਜੇ
ਗੁਰਦੁਆਰਾ ਬਾਬਾ ਸੰਗ ਜੀ
ਸਟ. ਪੌਲਜ਼ ਰੋਡ, ਸਮੈਦਿਕ
੩.੧੫ ਵਜੇ
ਗੁਰੂ ਨਾਨਕ ਗੁਰਦੁਆਰਾ
ਸਮੈਦਿਕ
ਸਮਾਪਤੀ: ੪.੦੦ ਵਜੇ
ਆਵਾਜ਼ਿ ਕੌਮ
AWAZE QAUM
International Newspaper & WEB TV
GURU HAR RAI GURDWARA SAHIB - 0121 553 7219
GURU NANAK GURDWARA SMETHWICK - 0121 558 2527
GURDWARA AMRIT PARCHAR DHARMIK DIWAN OLDBURY
Gurdwara Guru Maneyo Granth
GURU NANAK GURDWARA SMETHWICK
The Council of Sikh Gurdwaras in Sandwell

### ਇਤਿਹਾਸਕ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਸਦਕਾ ਮਨਾਏ ਜਾ ਰਹੇ

# ਸਾਲਾਨਾ ਜੋੜ ਮੇਲੇ ਤੇ ਅੱਜ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਚ ਸੰਗਤਾ ਨੇ ਪਵਿੱਤਰ ਸਰੋਵਰ 'ਚ ਇਸ਼ਨਾਨ ਕੀਤਾ ਤੇ ਗੁਰਦੁਆਰਾ ਸਾਹਿਬ ਜੀ ਵਿਖੇ ਨਤਮਸਤਕ ਹੋਈਆਂ

ਸਰਾਏ ਅਮਾਨਤ ਖਾਂ, 6 ਅਕਤੂਬਰ (ਆਵਾਜ਼ਿ ਕੌਮ ਬਿਊਰੋ)- ਮਾਝੇ ਦੇ ਇਤਿਹਾਸਕ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਸਦਕਾ ਮਨਾਏ ਜਾ ਰਹੇ ਸਾਲਾਨਾ ਜੋੜ ਮੇਲੇ ਤੇ ਅੱਜ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਚ ਸੰਗਤਾ ਨੇ ਪਵਿੱਤਰ ਸਰੋਵਰ 'ਚ ਇਸ਼ਨਾਨ ਕੀਤਾ ਤੇ ਗੁਰਦੁਆਰਾ ਸਾਹਿਬ ਜੀ ਵਿਖੇ ਨਤਮਸਤਕ ਹੋਈਆਂ ।ਇਸ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਪੈਦਲ ਚਲਦੀਆਂ ਹੋਈਆਂ ਸ਼ਰਧਾ ਭਾਵਨਾ ਨਾਲ ਮਿੱਸੇ ਪ੍ਰਸ਼ਾਦੇ, ਗੰਢੇ, ਅਚਾਰ ਆਦਿ ਲੈ ਕੇ ਵੀ ਪੁੱਜੀਆਂ ।ਗੁਰਦੁਆਰਾ ਸਾਹਿਬ ਜੀ ਵਿਖੇ ਸਵੇਰੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ।ਉਪਰੰਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁੰਦਰ ਸਜਾਈ ਹੋਈ ਪਾਲਕੀ ਨੂੰ ਪੰਜ ਪਿਆਰਿਆ ਦੀ ਅਗਵਾਈ ਵਿੱਚ ਦੀਵਾਨ ਹਾਲ ਵਿਖੇ ਲਿਜਾਇਆ ਗਿਆ। ਜਿਸ ਦੇ ਅੱਗੇ ਸਕੂਲਾਂ ਦੇ ਬੱਚੇ ਤੇ ਨਿਹੰਗ ਸਿੰਘਾਂ ਦੀਆਂ ਗਤਕਾ ਪਾਰਟੀਆ ਨੇ ਆਪਣੇ ਜੌਹਰ ਵਿਖਾਏ। ਇਸ ਮੌਕੇ ਦੀਵਾਨ ਹਾਲ 'ਚ ਹੈੱਡ ਗੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਨੇ ਧਾਰਮਿਕ ਦੀਵਾਨ ਦੇ ਆਰੰਭਤਾ ਦੀ ਅਰਦਾਸ ਕੀਤੀ। ਇਸ ਮੌਕੇ ਦੀਵਾਨ ਹਾਲ ਵਿਖੇ ਅਰੰਭਤਾ ਮੌਕੇ ਹਜ਼ੂਰੀ ਰਾਗੀ ਜਥੇ ਵੱਲੋਂ ਗੁਰਬਾਣੀ ਦਾ ਸ਼ਬਦ ਕੀਰਤਨ ਕੀਤਾ ਗਿਆ ।ਉਪਰੰਤ ਵੱਖ-ਵੱਖ ਰਾਗੀ ਢਾਡੀ ਤੇ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਗੁਰੂ-ਘਰ ਦਾ ਇਤਿਹਾਸ ਸੁਣਾ ਕੇ ਨਿਹਾਲ ਕੀਤਾ ।ਇਸ ਸਮੇਂ ਉਚੇਚੇ ਤੌਰ ਤੇ ਪਹੁੰਚੇ ਪ੍ਰਧਾਨ ਸ਼੍ਰੋਮਣੀ ਕਮੇਟੀ ਹਰਜਿੰਦਰ ਸਿੰਘ ਧਾਮੀ ਅਤੇ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ,ਸਾਬਕਾ ਕੈਬਨਿਟ ਮੰਤਰੀ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ ਨੇ ਸੰਗਤਾਂ ਨੂੰ ਬਾਬਾ ਬੁੱਢਾ ਸਾਹਿਬ ਜੀ ਦੇ ਮੇਲੇ ਦੀ ਵਧਾਈ ਦਿੰਦਿਆਂ ਬਾਬਾ ਬੁੱਢਾ ਜੀ ਦੀ ਜੀਵਨੀ ਤੋਂ ਸੰਗਤਾਂ ਨੂੰ ਜਾਣੂ ਕਰਾਉਂਦਿਆਂ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਇਸ ਸਮੇਂ ਪਹੁੰਚੀਆਂ ਸ਼ਖਸ਼ੀਅਤਾਂ ਜਿਹਨਾਂ ਵਿੱਚ ਸਿੰਘ ਸਾਹਿਬ ਜਥੇਦਾਰ ਗਿਆਨੀ ਅਮਰਜੀਤ ਸਿੰਘ ,ਪ੍ਰਧਾਨ ਸ਼੍ਰੋਮਣੀ ਕਮੇਟੀ ਹਰਜਿੰਦਰ ਸਿੰਘ ਧਾਮੀ ,ਜਥੇ ਗੁਲਜ਼ਾਰ ਸਿੰਘ ਰਣੀਕੇ ,ਇਕਬਾਲ ਸਿੰਘ ਸੰਧੂ ਨੂੰ ਸ਼੍ਰੋਮਣੀ ਕਮੇਟੀ ਮੈਬਰ ਭਾਈ ਮਨਜੀਤ ਸਿੰਘ ਭੂਰਾ ਕੋਹਨਾ,ਸ਼੍ਰੋਮਣੀ ਕਮੇਟੀ ਮੈਂਬਰ ਅਲਵਿੰਦਰਪਾਲ ਸਿੰਘ ਪੱਖੋਕੇ,ਮੁਗਵਿੰਦਰ ਸਿੰਘ ਖਾਪੜਖੇੜੀ ,ਮੈਨੇਜਰ ਸਰਬਦਿਆਲ ਸਿੰਘ ਅਤੇ ਸਟੈਂਡ ਗੰ੍ਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਨੇ ਸਨਮਾਨਤ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਨਿਰਮਲ ਸਿੰਘ ਨੌਸ਼ਹਿਰਾ ਢਾਲਾ,ਪ੍ਰਿੰਸੀਪਲ ਤਰਨਜੀਤ ਸਿੰਘ, ਦਲਜੀਤ ਸਿੰਘ ਐਮਾ ,ਹਰਪ੍ਰੀਤ ਸਿੰਘ ਮੂਸੇ ,ਡੀ. ਐੱਸ. ਪੀ ਕਮਲਮੀਤ ਸਿੰਘ , ਅਕਾਲੀ ਆਗੂ ਇਕਬਾਲ ਸਿੰਘ ਸੰਧੂ, ਮੇਲਾ ਇੰਚਾਰਜ ਮੀਤ ਸਕੱਤਰ ਗੁਰਨਾਮ ਸਿੰਘ ਕੋਟ ,ਚੀਫ ਜਗਜੀਤ ਸਿੰਘ ਬੁੱਟਰ ,ਗੁਰਦੁਆਰਾ ਇੰਸਪੇਕਟਰ ਤਲਵਿੰਦਰ ਸਿੰਘ ਰੈਸੀਆਨਾ ,ਇੰਦਰਪ੍ਰੀਤ ਸਿੰਘ ਝਬਾਲ ,ਮੈਨੇਜਰ ਨਵਤੇਜ ਸਿੰਘ ਠੱਠਾ, ਚੇਅਰਮੈਨ ਹਰਵੰਤ ਸਿੰਘ ਝਬਾਲ, ਸਰਪੰਚ ਮਨਜਿੰਦਰ ਸਿੰਘ ਐਮਾ, ਬਾਬਾ ਨਰੰਜਨ ਸਿੰਘ ਪੰਜਵੜ, ਸਰਬਜੀਤ ਸਿੰਘ ਝਬਾਲ ਖੁਰਦ ,ਮਨਜੀਤ ਸਿੰਘ ਝਬਾਲ ,ਮਨੋਹਰ ਸਿੰਘ ਠੱਟਾ ,ਜਥੇਦਾਰ ਨਿਸ਼ਾਨ ਸਿੰਘ ਦੇਦੋ, ਬਿਕਰਮਜੀਤ ਸਿੰਘ ਸੁਰਸਿੰਘ ,ਸੁਰਿੰਦਰ ਸਿੰਘ ਚੂਸਲੇਵੜ, ਗੁਰਜੀਤ ਸਿੰਘ ਪੰਜਵੜ, ਜਸਪਾਲ ਸਿੰਘ ਨੌਸ਼ਹਿਰਾ ਅਤੇ ਹੋਰ ਸੰਗਤਾਂ ਤੇ ਪ੍ਰਮੁੱਖ ਸਖਸੀਅਤਾਂ ਹਾਜਰ ਸਨ ।ਇਸ ਮੌਕੇ ਪੁਲਿਸ ਪ੍ਰਸ਼ਾਸਨ ਨੇ ਸੁਰਖਿਆ ਦੇ ਪੂਰੇ ਪੁਖਤਾ ਪ੍ਰਬੰਧ ਕੀਤੇ ਹੋਏ ਹਨ ।ਜਦੋਂ ਕਿ ਇਸ ਵਾਰ ਸ਼ਰਧਾ ਤੇ ਉਤਸ਼ਾਹ ਨਾਲ ਪਹੁੰਚੇ ਆ ਲੱਖਾਂ ਦੀ ਗਿਣਤੀ 'ਚ ਸੰਗਤਾਂ ਲਈ ਜਿਥੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਬੰਧਕਾਂ ਵੱਲੋਂ ਕਾਰ ਪਾਰਕਿੰਗ ,ਲੰਗਰਾ ਤੇ ਹੋਰ ਪ੍ਰਬੰਧ ਕੀਤੇ ਗਏ ਉਥੇ ਹੀ ਇਲਾਕੇ ਦੀਆਂ ਹੋਰ ਸਮਾਜ ਸੇਵੀ, ਪੰਚਾਇਤਾਂ, ਤੇ ਲੰਗਰ ਸੇਵਾ ਸੁਸਾਇਟੀਆ ਵੱਲੋਂ ਵੀ ਗੁਰਦੁਆਰਾ ਸਾਹਿਬ ਜੀ ਦੇ ਆਸ-ਪਾਸ ਤੇ ਹੋਰ ਸੜਕਾਂ ਤੋਂ ਥਾਂ ਥਾਂ ਲੰਗਰ ਲਗਾ ਕੇ ਬਾਹਰ ਆਉਣ ਵਾਲੀਆਂ ਸੰਗਤਾਂ ਦੀ ਸੇਵਾ ਕੀਤੀ ਜਾ ਰਹੀ ਹੈ








## ਗੁਰੂ ਘਰ ਦੀਆਂ ਚੋਣਾਂ ਦੌਰਾਨ ਵਾਪਰੀ ਹਿੰਸਾ 'ਚ

# ਰਾਜਾ ਸਿੰਘ ਕੰਗ ਦੀ ਪੱਗ ਉਤਾਰੇ ਜਾਣ ਦੀ ਕੀਤੀ ਗਈ ਕੋਸ਼ਿਸ਼ ਦੀ ਚੁਫੇਰਿਓਂ ਨਿੰਦਾ






















### ਇੰਗਲੈਂਡ ਦੇ ਕੁਝ ਗੁਰੂ ਘਰਾਂ ਅਤੇ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਇਸ ਸਬੰਧੀ ਹੋਈ ਭਰਵੀਂ ਇੱਕਤਰਤਾ

### • ਸਰਬੱਤ ਦਾ ਭਲਾ ਗਰੁੱਪ ਨੇ ਹਿੰਸਾ 'ਚ ਸ਼ਾਮਿਲ ਵਿਅਕਤੀਆਂ ਨਾਲ਼ ਸਬੰਧਾਂ ਤੋਂ ਕੀਤਾ ਇਨਕਾਰ

ਲੈਸਟਰ (ਇੰਗਲੈਂਡ),6 ਅਕਤੂਬਰ (ਸੁਖਜਿੰਦਰ ਸਿੰਘ ਢੱਡੇ)–ਇੰਗਲੈਂਡ ਦੇ ਸ਼ਹਿਰ ਲੈਸਟਰ ਵਿਖੇ 29 ਸਤੰਬਰ ਨੂੰ ਹੋਈਆਂ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਈਸਟ ਪਾਰਕ ਰੋਡ ਦੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਮੌਕੇ ਵਾਪਰੀ ਘਟਨਾ ਦੌਰਾਨ ਗੁਰੂ ਘਰ ਦੇ ਪਿਛਲੇ 6 ਸਾਲ ਤੋਂ ਪ੍ਰਧਾਨ ਚਲੇਂ ਆ ਰਹੇ ਰਾਜ ਮਨਵਿੰਦਰ ਸਿੰਘ ਰਾਜਾ ਕੰਗ ਦੀ ਪੱਗ ਉਤਾਰੇ ਜਾਣ

ਆਵਾਜ਼ਿ ਕੌਮ AWAZE QAUM International Newspaper & WEB TV

ਦੀ ਕੋਸ਼ਿਸ਼ ਕੀਤੇ ਜਾਣ ਦੀ ਚੁਫੇਰਿਓਂ ਨਿੰਦਾ ਹੋ ਰਹੀ ਹੈ।ਇਸ ਸਬੰਧ ਵਿੱਚ ਇੰਗਲੈਂਡ ਦੇ ਕੁਝ ਗੁਰੂ ਘਰਾਂ ਅਤੇ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਇੱਕ ਭਰਵੀਂ ਇੱਕਤਰਤਾ ਹੋਈ, ਜਿਸ ਵਿੱਚ ਉਕਤ ਘਟਨਾ ਦੀ ਜ਼ੋਰਦਾਰ ਨਿੰਦਾ ਕੀਤੀ ਗਈ।ਇਕ ਵੱਖਰੇ ਬਿਆਨ ਰਾਹੀਂ ਗੁਰਦੁਆਰਾ ਸਾਹਿਬ ਦੇ ਨਵੇਂ ਚੁਣੇ ਗਏ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ ਨੇ ਦੱਸਿਆ ਕਿ ਗੁਰੂ ਘਰ ਦੇ ਸਾਬਕਾ ਪ੍ਰਧਾਨ ਸ ਰਾਜ ਮਨਵਿੰਦਰ ਸਿੰਘ ਰਾਜਾ ਕੰਗ ਵੱਲੋਂ ਲੰਮੇ ਸਮੇਂ ਤੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਦਲੇ ਉਨ੍ਹਾਂ ਦਾ ਐਤਵਾਰ ਨੂੰ ਗੁਰੂ ਘਰ ਵਿਖੇ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

# ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਵੱਲੋਂ 35 ਪ੍ਰਾਣੀਆਂ ਨੂੰ ਅਕਾਲ ਤਖ਼ਤ ਤੇ ਅੰਮ੍ਰਿਤਪਾਨ ਕਰਵਾਇਆ ਗਿਆ: ਚੇਅਰਮੈਨ ਮਨਜੀਤ ਸਿੰਘ ਭੋਮਾ





ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਵੱਲੋ 35 ਪ੍ਰਾਣੀਆਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛਕਾਇਆ ਗਿਆ।ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਜਰਨਲ ਸਕੱਤਰ ਜਗਦੀਪ ਸਿੰਘ ਕਾਹਲੋ ਦੇ ਯੋਗ ਅਗਵਾਈ ਵਿੱਚ ਪੰਜਾਬ ਚੱਲ ਰਹੀ ਧਰਮ ਪ੍ਰਚਾਰ ਕਮੇਟੀ ਪੰਜਾਬ ਵਲੋਂ ਪਿੰਡ ਪਿੰਡ ਘਰ ਘਰ ਜਾ ਕੇ ਧਰਮ ਜਾਗਰੂਕਤਾ ਲਹਿਰ ਦੇ ਵਿਸ਼ੇਸ਼ ਉਪਰਾਲੇ ਸਦਕਾ ਚੇਅਰਮੈਨ ਮਨਜੀਤ ਸਿੰਘ ਭੋਮਾ ਦੀ ਪ੍ਰੇਨਾ ਤੋਂ ਪ੍ਰਭਾਵਿਤ ਹੋ ਕੇ ਅੱਜ 35 ਪ੍ਰਾਣੀ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ । ਭੋਮਾ ਨੇ ਦੱਸਿਆ ਕਿ ਅਸੀਂ ਸਿੱਖ ਪ੍ਰਚਾਰਕਾਂ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਪਿੰਡ ਪਿੰਡ ਜਾ ਕੇ ਜਿੱਥੇ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਕਰ ਰਹੇ ਹਾਂ ਉਸ ਦੇ ਨਾਲ ਨਾਲ ਅਸੀਂ " ਨਸ਼ਾ ਛੁਡਾਊ ਪੁੱਤ ਬਚਾਊ " ਲਹਿਰ ਅਧੀਨ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕਰ ਰਹੇ ਹਾਂ। ਉਹਨਾਂ ਕਿਹਾ ਕਿ ਸਾਡੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਵੱਲੋਂ 03 ਅਗਸਤ 2022 ਨੂੰ ਪੰਜਾਬ ਦੇ ਵਿੱਚ ਹੋ ਰਹੇ ਧਰਮ ਪਰਿਵਰਤਨ ਬਾਰੇ ਚਿੰਤਾ ਪ੍ਰਗਟ ਕਰਦਿਆਂ ਇਸ ਨੂੰ ਠੱਲ ਪਾਉਣ ਲਈ ਧਰਮ ਪ੍ਰਚਾਰ ਕਮੇਟੀ ਪੰਜਾਬ ਦਾ ਗਠਨ ਕੀਤਾ ਗਿਆ ਸੀ । ਜਿਸ ਦੇ ਉਪਰਾਲੇ ਸਦਕਾ ਅਸੀਂ 800 ਤੋਂ ਵੱਧ ਪਰਿਵਾਰ ਜੋ ਕ੍ਰਿਸਚਨ ਬਣ ਚੁੱਕੇ ਸਨ ਉਹਨਾਂ ਦੀ ਆਪਣੇ ਧਰਮ ਵਿੱਚ ਵਾਪਸੀ ਕਰਵਾਈ ਹੈ। ਇਸ ਤੋਂ ਇਲਾਵਾ ਅਸੀਂ ਪੰਜਾਬ ਦੇ ਅਟਾਰੀ ਹਲਕੇ ਅਤੇ ਅੰਮ੍ਰਿਤਸਰ ਦੇ ਹਰ ਸਕੂਲ ਵਿੱਚ ਨਸ਼ਿਆਂ ਵਿਰੁੱਧ ਸੈਮੀਨਾਰ ਕੀਤੇ ਅਤੇ ਬੱਚਿਆਂ ਨੂੰ ਨਸ਼ਿਆ ਕਾਰਨ ਹੋ ਰਹੀਆਂ ਮੌਤਾਂ ਅਤੇ ਆਰਥਿਕ ਨੁਕਸਾਨ ਬਾਰੇ ਜਾਣੂ ਕਰਵਾਇਆ। ਅੱਜ ਫਿਰ ਸਾਡੀ ਧਰਮ ਪ੍ਰਚਾਰ ਕਮੇਟੀ ਪੰਜਾਬ ਵੱਲੋਂ 35 ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਗਿਆ ਹੈ। ਇਸ ਤੋਂ ਪਹਿਲਾਂ ਵੀ ਕਈ ਗਰੁੱਪਾਂ ਵਿਚ ਸਿੱਖ ਨੌਜਵਾਨ ਬੱਚੇ ਬੱਚੀਆਂ ਨੂੰ ਅੰਮ੍ਰਿਤ ਪਾਨ ਕਰਵਾਇਆਂ ਗਿਆ ਹੈ । ਜਿਸ ਨੂੰ ਅਸੀਂ ਇੱਕ ਵੱਡੀ ਸਫਲਤਾ ਮੰਨਦੇ ਹਾਂ। ਉਹਨਾ ਕਿਹਾ ਕਿ ਮੈਂ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕਰਦਾ ਹਾਂ ਕਿ ਆਪਣੇ ਆਪਣੇ ਧਰਮ ਵਿੱਚ ਪੱਕੇ ਰਹੀਏ ਅਤੇ ਆਪਣੀ ਪਹਿਚਾਣ ਨੂੰ ਨਾ ਗਵਾਈਏ ।ਹਰ ਸਿੱਖ ਬੱਚਾ ਅਤੇ ਨੌਜਵਾਨ ਕੇਸਾਧਾਰੀ ਅਤੇ ਸਾਬਤ ਸੂਰਤ ਬੱਚਾ ਤੇ ਨੌਜਵਾਨ ਦਸਤਾਰ ਸਜਾਵੇ ।ਜਿਨਾਂ ਨੇ ਅਜੇ ਤੱਕ ਖੰਡੇ ਬਾਟੇ ਦੀ ਪਾਹੁਲ ਨਹੀਂ ਛੱਕੀ ਉਹ ਵੀ ਜਲਦੀ ਤੋਂ ਜਲਦੀ ਅੰਮ੍ਰਿਤ ਛੱਕ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

# ਬੋਲੀ ਜਾਂਦੀ ਮੰਦ-ਭਾਸ਼ਾ ਕੀ ਇਹ ਸਿੱਖ ਜਾਂ ਬੇਦੀਨੇ ਲੋਕ ?



ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

ਬੋਲੀ,ਭਾਸ਼ਾ,ਜਬਾਨ ਦੀ ਵਰਤੋਂ ਦੇ ਆਧਾਰ ਤੇ ਹੀ ਸੰਸਾਰਕ ਜੀਵਨ ਦਾ ਤਾਣਾ ਬਾਣਾ ਚੱਲਦਾ ਹੈ ।ਚੰਗੀ ਬੋਲੀ ਤੇ ਗੈਰਤ ਜ਼ਬਾਨ (ਪ੍ਰਣ )ਹੀ ਸਮਾਜ ਤੇ ਕੌਮਾਂ ਦੀ ਸੁਚੱਜੀ ਬਣਤਰ ਹੁੰਦੇ ਹਨ ।ਇਸ ਤੋਂ ਬਿਨਾ ਸਮਾਜਿਕ ਸਬੰਧ ਕੁਚੱਜੇ ਤੇ ਬੇਰੁਖੇ ਸਾਬਤ ਹੁੰਦੇ ਹਨ ।ਸਿੱਖ ਮਸਲਿਆਂ ਨੂੰ ਆਧਾਰ ਬਣਾ ਕੇ ਸਿੱਖਾਂ ਵਿੱਚ ਮੰਦ ਭਾਸ਼ਾ,ਗੰਦੀਆਂ ਗਾਲਾਂ ਦਾ ਕਲਚਰ ਬਹੁਤ ਵੱਧ ਚੁੱਕਾ ਹੈ ।ਬਹੁਤ ਸਾਰੇ ਕਿਸਮ ਦੇ ਲੋਕ ਸਿੱਖ ਚਿਹਰੇ ਦੇ ਪਰਦੇ ਹੇਠ ਦਿਸਦੇ ਮੀਡੀਏ , ਇਸ ਗਿਰਾਵਟ ਨੂੰ ਹੀ , ਜਿਵੇਂ ਸਿੱਖ ਮੁੱਦਾ/ਧੁਰਾ ਹੀ ਬਣਾ ਕੇ ਚੱਲ ਰਹੇ ਹਨ ।, ਉਹਨਾ ਦੇ ਦਾਹਵੇ ਵਿਚ ਜੋ ਝੂਠੀ ਰੰਗਤ ਦਾ ਵਿਰੋਧ ਦਿਸਦਾ ਹੈ , ਇਸ ਨਿਕੰਮੇਪਣ ਦਾ ਹੀ ਪ੍ਰਭਾਵ ਹੈ । ਜੋ ਲੋਕ ਖੁਦ ਹੀ ਚੰਗੇ ਕਿਰਦਾਰ ਤੋਂ ਗਿਰ ਚੁੱਕੇ ਹੋਣ , ਉਹ ਸਿੱਖ ਤਾਂ ਕੀ ਕਿਸੇ ਵੀ ਸਮਾਜ ਨੂੰ ਕੁਝ ਨਹੀ ਦੇ ਸਕਦੇ ।ਬੁਰਿਆਈਆਂ ਖਿਲਾਰਨਾ , ਕੁਫ਼ਰ ਤੋਲਨਾ ਇਹਨਾਂ ਦਾ ਧੰਦਾ ਬਣ ਚੁੱਕਾ ਹੈ ।ਇਹਨਾਂ ਐਰੇ ਗੈਰੇ ਨਥੂ ਖੈਰਿਆਂ ਵਿੱਚ ਬੜੇ ਸੁਚੱਜੇ ਚਿੰਤਤ ਤੇ ਅਣਖੀ ਸੁਭਾ ਵਾਲੇ ਵੀ , ਇਸ ਉਲਟੇ ਵਹਿਣ ਵਿਚ ਰੋੜੇ ਜਾ ਰਹੇ ਜਾਂ ਕੁਝ ਖੁਦ ਹੀ ਰੁੜਨ ਲਈ ਹੀ ਦਮ ਤੋੜ ਰਹੇ ਹਨ ।ਉਹਨਾਂ ਦੇ ਸਾਹਮਣੇ ਅਜਿਹਾ ਹੀ ਢੌਂਗ ਹੁੰਦਾ , ਕਿ ਜਦ ਰੌਲੇ ਰੱਪੇ ਵਾਲੇ ਇਸ ਨੂੰ ਸਰਕਾਰੀ ਵਿਰੋਧ ਵਜੋਂ ਦੱਸ ਕੇ , ਕੌਮ ਵਿੱਚ ਉੱਘੇ ਬਣਦੇ ਹਨ । ਪਰ ਜਦ ਇਹੀ ਲੋਕ ਸਿੱਖਾਂ ਵਿੱਚ ਆਪਸੀ ਵਿਰੋਧ ਵਿੱਚ ਧੀਆਂ , ਭੈਣਾਂ ਦੀਆਂ ਗੰਦੀਆਂ ਗਾਲਾਂ ਦਾ ਪ੍ਰਯੋਗ ਨਿਰੰਤਰ ਕਰਦੇ ਹਨ ।ਇਹੀ ਬਾਅਦ ਵਿੱਚ ਸਿੱਖਾਂ ਵਿੱਚ ਫੱਟ ਪਾਉਂਦੇ ਤੇ ਫਸਾਦ ਕਰਵਾਉਂਦੇ ਹਨ ।ਹਾਲ ਹੀ ਵਿੱਚ ਭਾਰਤੀ ਏਅਰ ਫੋਰਸ ਦਾ ਏਅਰ ਚੀਫ ਮਾਰਸ਼ਲ ਸਰਦਾਰ ਏ.ਪੀ.ਸਿੰਘ ਨੂੰ ਲਾਇਆ ਗਿਆ। ਇਸ ਨੂੰ ਸਹੀ ਜਾਣ ਕੇ ਕੈਨੇਡਾ ਤੋ ਹੀ ਇੱਕ ਸਿੱਖ ਸਰਦਾਰ , ਸਿੰਘ ਗਿੱਲ ਨੇ ਆਪਣੇ ਮੀਡੀਏ ਰਾਹੀਂ ਵਧਾਈ ਦੇ ਦਿੱਤੀ । ਜੋ ਕਿ ਸਹੀ ਤੇ ਦਰੁਸਤ ਸੀ । ਪਰ ਪੱਛੜੇ ਉਪਰੋਕਤ ਦੱਸੇ ਮੰਦ-ਭਾਸ਼ਾ ਕਲਚਰ ਦੀ ਇੱਕ ਹੀ ਜਥੇਬੰਦੀ ਗਰੁਪ ਨੇ ਭੈੜੀਆਂ ਗਾਲਾਂ ਦੇ ਮੈਸੇਜ ਦੀ ਬੁਛਾੜ ਕਰ ਦਿੱਤੀ । ਕੀ ਇਸ ਤਰਾਂ -ਦਲ਼ੇ , ਭੈਣ ਚੋ.., ਮਾਂ ਚੋ ਇਤਿਆਦਿਕ ਗਿਰੀ ਸ਼ਬਦਾਵਲੀ ਵਿਚ ਗਹਿ ਗੱਚ ਹੋਣਾ ਕਿਹੜੀ ਸਿੱਖੀ ਵਾਲੇ ਕੰਮ ਹਨ ।ਭਾਵੇਂ ਉਸ ਦੇ ਉੱਤਰ ਵਿਚ ਇਸ ਕੈਨੇਡੀਅਨ ਸਿੰਘ ਗਿੱਲ ਨੇ ਦੁਖੀ ਹਿਰਦੇ ਨਾਲ ਐਸਐਫਜੇ **SFJ** ਦਾ ਨਾਂਮ ਲਿਆ ਹੈ । ਇਸੇ ਤਰਾਂ ਪੰਜਾਬ ਵਿਚ ਅੰਮਿਰਤਪਾਲ ਦੇ ਹਮਾਇਤੀ ਵੀ ਆਪਣੇ ਵਿਰੋਧੀ ਅਲੋਚਕਾਂ ਉੱਪਰ ਮੰਦ-ਭਾਸ਼ਾ ਬੋਲੀ ਦੇ ਵਾਰ ਕਰਦੇ ਤੇ ਉਹਨਾਂ ਦੇ ਪਰਿਵਾਰਾਂ ਨੂੰ ਜ਼ਲੀਲ ਕਰਦੇ ਰਹੇ ।ਕਈ ਤਰਾਂ ਦੇ ਵੀਡੀਓ ਰਿਕਾਰਡਿੰਗ ਵਿਚ ਗੋਲ ਗੋਲ ਪੱਗਾਂ ਵਾਲੇ ਪਹਿਲਾਂ ਤਾਂ ਸੰਤ ਜਰਨੈਲ ਸਿੰਘ ਦੀ ਕਹੀ ਗੱਲ ਕਹਿ ਕੇ ਭੂਮਕਾ ਸ਼ੁਰੂ ਕਰਦੇ ਹਨ , ਉਪਰੰਤ ਗਾਲਾਂ ਦੀ ਝੜੀ ਲਾਕੇ ਰੀਕਾਰਡਿੰਗ ਮੁਕੰਮਲ ਕਰਦੇ ਹਨ ।ਇਹੋ ਜਿਹੇ ਬਹਿਰੂਪੀਆਂ ਨੂੰ ਕੀ ਮੰਨੀਏ ਜੋ ਸਿੱਖ ਕੌਮ ਦੇ ਸ਼ਹੀਦਾਂ ਦਾ ਅਪਮਾਨ ਕਰਦੇ ਹੋਏ ਵੀ ,ਸਿੱਖਾਂ ਦੇ ਹਿਤੂ ਹੋਣ ਦਾ ਭਰਮ ਪਾਲ ਰਹੇ ਹਨ । ਇਹਨਾਂ ਲੋਕਾਂ ਦੀ ਬੇਰੁਖ਼ੀ ਤੇ ਕੁਚੱਜੀ ਬੋਲਬਾਣੀ ਤੇ ਬਣਤਰ ਨੇ ਮੌਜੂਦਾ ਸਮੇਂ ਦੇ ਦੌਰ ਤੇ ਸਿੱਖ ਕੌਮ ਦੀਆਂ ਕੁਰਬਾਨੀਆਂ ਤੇ ਇਤਿਹਾਸ ਨੂੰ ਬਦਨਾਮ ਕਰ ਰਹੀ ਹੈ । ਸਿੱਖਾਂ ਦੀ ਇਹ ਕਿਰਦਾਰਕੁਸ਼ੀ ਕਿਸੇ ਰੰਘੜ ਪੁਣੇ , ਮੁਗ਼ਲਾਣੀ ਸਾਜ਼ਿਸ਼ ਅਧੀਨ ਕੀਤੀ ਜਾ ਰਹੀ ਹੈ । ਇਹੀ ਅੰਸ਼ ਗੁਰਦੁਆਰਿਆਂ ਵਿੱਚ ਅਣਚਾਹੀਆਂ ਘਟਨਾਵਾਂ ਤੇ ਗੁੰਡਾਗਰਦੀ ਨੂੰ ਜਨਮ ਦੇ ਰਿਹਾ ਹੈ ।ਅਜਿਹਾ ਕਰਨਾ ਬੇਦੀਨੇ ਲੋਕਾਂ ਦਾ ਕੰਮ ਹੈ । ਜੋ ਸਿੱਖਾਂ ਵਿੱਚ ਆਪਸੀ ਪਾੜਾਂ ਤੇ ਨਫ਼ਰਤ ਫੈਲਾ ਰਹੇ ਹਨ । ਜਦ ਕਿ ਸਿੱਖ ਤੇ ਸਿੱਖਾਂ ਦੇ ਗੁਰਅਸਥਾਨ ਆਪਸੀ ਸਤਿਕਾਰ ਤੇ ਸਦਭਾਵਨਾ ਦੇ ਕੇਂਦਰ ਹਨ । ਯੂ ਕੇ ਦੀਆਂ ਸਿੱਖ ਸੰਸਥਾਵਾਂ ਅਤੇ ਇਹਨਾਂ ਦੇ ਆਗੂ ਚਾਰ ਦਹਾਕਿਆਂ ਤੋਂ ,ਆਪਸੀ ਸੱਦ ਭਾਵਨਾ ਦੇ ਆਲੰਬਰਦਾਰ ਰਹੇ ਹਨ । ਅਜੋਕਾ ਉਪਰੋਕਤ ਦੌਰ ਸਾਰਿਆਂ ਦੀ ਸਹਿਣਸ਼ੀਲਤਾ ਤੇ ਸਦਭਾਵਨਾ ਲਈ ਸਿੱਧਾ ਚੈਲੰਜ ਬਣ ਚੁੱਕਾ ਹੈ । ਸਾਨੂੰ ਇਸ ਮੰਦਭਾ.ਸ਼ਾ ਤੋਂ ਬਚਾਅ ਕਰਕੇ , ਚੰਗੀ ਸਾਂਝ ਅਤੇ ਸੰਜੀਦਾ ਹੱਲ ਪੈਦਾ ਕਰਨੇ ਚਾਹੀਦੇ ਹਨ ।




# ਸਮਾਂ ਬਦਲਿਆ ਪਰ ਸਕੂਲ ਦੀਆਂ ਯਾਦਾਂ ਨਹੀਂ



**ਉਹ ਦਿਨ ਮੇਰੇ ਲਈ ਬੇਹੱਦ ਖ਼ਾਸ ਰਿਹਾ, ਜਦੋਂ ਮੈਨੂੰ 30 ਸਾਲਾਂ ਬਾਅਦ** ਆਪਣੇ ਸਕੂਲ ਦੇ ਦਰਵਾਜ਼ਿਆਂ ਵਿੱਚੋਂ ਲੰਘਣ ਦਾ ਮੌਕਾ ਮਿਲਿਆ। ਜਿੱਥੇ ਦੀ ਵਾਪਸੀ ਮੇਰੇ ਲਈ ਇੱਕ ਯਾਤਰਾ ਵਰਗਾ ਅਹਿਸਾਸ ਸੀ, ਸਕੂਲ ਦਾ ਹਰ ਕੋਨਾ ਮੇਰੇ ਬਚਪਨ ਦੀਆਂ ਮਿੱਠੀਆਂ ਯਾਦਾਂ ਨਾਲ ਜੁੜਿਆ ਹੋਇਆ ਸੀ। ਮੇਰਾ ਸਕੂਲ ਜਲੰਧਰ ਸ਼ਹਿਰ ਦੇ ਸੋਡਲ ਰੋਡ ਤੇ ਸਥਿੱਤ ਦੇਵੀ ਸਹਾਏ ਸਨਾਤਨ ਧਰਮ ਸੀਨੀਅਰ ਸੈਕੰਡਰੀ ਸਕੂਲ, ਜਿਸ ਨੂੰ ਅਸੀਂ ਲਾਈਨਾਂ ਵਾਲਾ ਸਕੂਲ ਵੀ ਕਹਿੰਦੇ ਸੀ। ਉਹ ਇਸ ਲਈ, ਸਕੂਲ ਦੇ ਨਾਲ ਹੀ ਫਿਰੋਜ਼ਪੁਰ ਅਤੇ ਅੰਮ੍ਰਿਤਸਰ ਰੂਟ ਦੀਆਂ ਰੇਲਵੇ ਲਾਈਨਾਂ ਸੀ। ਜਿਵੇਂ ਹੀ ਮੈਂ ਸਕੂਲ ਦੇ ਅੰਦਰ ਕਦਮ ਰੱਖਿਆ, ਮੈਨੂੰ ਉਹ ਪੁਰਾਣੇ ਦਿਨ ਯਾਦ ਆ ਗਏ ਜਦੋਂ ਮੈਂ ਵੀ ਹਰ ਸਵੇਰ ਸਕੂਲੀ ਬੈਗ ਮੋਢੇ 'ਤੇ ਟੰਗ ਕੇ ਮਸਤੀ ਦੀਆਂ ਲਹਿਰਾਂ ਵਿੱਚ ਇੱਥੇ ਆਉਂਦਾ ਸੀ। ਸਕੂਲ ਵਿੱਚ ਕਦਮ ਰੱਖਣ ਨਾਲ, ਮੇਰੀਆਂ ਅੱਖਾਂ ਵਿੱਚ ਉਹ ਦਿਨ ਵਾਪਸ ਜੀ ਉੱਠੇ ਜਦੋਂ ਦੋਸਤਾਂ ਨਾਲ ਹਾਸੇ-ਮਜ਼ਾਕ, ਸ਼ਰਾਰਤਾਂ,ਹੱਸਦੇ,ਖੇਡਦੇ,ਅਤੇ ਬੇਫਿਕਰਾਂ ਦੀ ਤਰ੍ਹਾਂ ਜ਼ਿੰਦਗ.ੀ ਦੇ ਹਰੇਕ ਪਲ ਦਾ ਆਨੰਦ ਮਾਣਦੇ ਸੀ, ਚਾਹੇ ਉਹ ਸਕੂਲ ਤੋਂ ਇੱਕਠੀਆਂ ਛੁੱਟੀ ਕਰਨ ਦਾ ਹੋਵੇ ਜਾਂ ਫੇਰ ਟੀਚਰ ਕੋਲੋ ਇੱਕਠੀਆਂ ਹੀ ਝਿੜਕਾਂ ਖਾਣ ਦਾ ਹੋਵੇ। ਅਧਿਆਪਕਾਂ ਨਾਲ ਸਾਡੇ ਰਿਸ਼ਤੇ ਵੀ ਬੇਹੱਦ ਮਿੱਠੇ ਸਨ। ਕੁੱਟ ਵੀ ਪੈਂਦੀ ਸੀ, ਪਰ ਉਹ ਸਿਰਫ ਸਾਨੂੰ ਸੰਵਾਰਨ ਲਈ ਹੁੰਦੀ ਸੀ। ਅੱਜ ਦੇ ਵਿਦਿਆਰਥੀਆਂ ਵਾਂਗ ਅਸੀਂ ਕਦੇ ਮਾਸਟਰਾਂ ਨਾਲ ਦਿਲੋ ਦੂਰੀ ਨਹੀਂ ਬਣਾਉਂਦੇ ਸੀ, ਕਿਉਂਕਿ ਸਾਡੇ ਦਿਲਾਂ ਵਿੱਚ ਉਨ੍ਹਾਂ ਦੇ ਲਈ ਬੇਹੱਦ ਆਦਰ ਅਤੇ ਸਤਿਕਾਰ ਸੀ। ਮਾਸਟਰਾਂ ਦੀ ਸਖ਼ਤੀ ਵਿੱਚ ਵੀ ਪਿਆਰ ਸੀ, ਜੋ ਅਸੀਂ ਅਜਿਹੇ ਵੇਲੇ ਮਹਿਸੂਸ ਕਰਦੇ ਹਾਂ ਜਦੋਂ ਉਹ ਪਿਆਰ ਤਸੱਲੀ ਦੇ ਰੂਪ ਵਿੱਚ ਸਾਡੇ ਅੰਦਰ ਵਸ ਜਾਂਦਾ ਹੈ। ਇਹ ਸਭ ਯਾਦਾਂ ਓਦੋਂ ਵਾਪਸ ਆਈਆਂ ਜਦੋਂ ਮੈਂ ਉਹਨਾਂ ਕਮਰਿਆਂ ਵਿੱਚ ਕਦਮ ਰੱਖਿਆ, ਜਿੱਥੇ ਕਦੇ ਸਿੱਖਿਆ ਪ੍ਰਾਪਤ ਕੀਤੀ ਸੀ। ਮੈਨੂੰ ਆਪਣੇ ਅਧਿਆਪਕ, ਜਿਵੇਂ ਜੋਸ਼ੀ ਸਰ, ਗਿਆਨ ਚੰਦ ਸਰ,ਸ਼ਾਸਤਰੀ ਸਰ , ਚੌਧਰੀ ਸਰ, ਸੋਮਰਾਜ ਸਰ, ਵਿਮੱਲ ਦੇਵ ਸਰ, ਚਮਨ ਲਾਲ ਸਰ, ਰਾਜ ਕਿਸ਼ੋਰ ਸਰ,ਅਪੋਲੋ ਸਰ, ਰੰਧਾਵਾ ਸਰ , ਪੀ ਟੀ ਸਰ ਤੋ ਇਲਾਵਾ ਸੀਮਾ,ਅਨੀਤਾ,ਸ਼ੀਲਾ,ਸ਼ਕੁੰਤਲਾ ਅਤੇ ਬਿਮਲਾ ਮੈਡਮ, ਦੀਆਂ ਕਹੀਆਂ ਗੱਲਾਂ ਅਤੇ ਸਿੱਖਿਆ ਦੇ ਅਨਮੋਲ ਮੋਤੀ ਇੱਕ ਵਾਰ ਫੇਰ ਯਾਦ ਆਏ। ਉਹ ਸਾਨੂੰ ਸਿਰਫ ਕਿਤਾਬੀ ਗਿਆਨ ਨਹੀਂ ਦਿੰਦੇ ਸਨ, ਬਲਕਿ ਜਿੰਦਗੀ ਦੀਆਂ ਬੇਸ਼ਕੀਮਤੀ ਸਿਖਲਾਈਆਂ ਵੀ ਦਿੰਦੇ ਸਨ। ਇਹ ਉਹ ਪਾਤਰ ਸਨ, ਜਿਨ੍ਹਾਂ ਨੇ ਸਾਡੇ ਚਰਿੱਤਰ 'ਚ ਨਿਖਾਰ ਲਿਆਂਦਾ ਅਤੇ ਸਾਨੂੰ ਸਹੀ ਦਿਸ਼ਾ ਵੱਲ ਤੋਰਿਆ। ਸਕੂਲ ਦੀਆਂ ਯਾਦਾਂ ਵਿੱਚ ਅਸੀਂ ਕੰਟੀਨ ਵਿੱਚੋਂ ਖਾਦੀਆਂ ਗਈਆਂ ਪਰਦੇਸੀ ਦੀਆਂ ਬੰਦ ਟਿੱਕੀਆਂ ਅਤੇ ਗਚਕ ਨੂੰ ਕਿਵੇਂ ਭੁੱਲ ਸਕਦੇ ਹਾਂ। ਉਹ ਖਾਸ ਸਵਾਦ, ਜੋ ਅੱਜ ਵੀ ਦਿਲ ਵਿੱਚ ਵੱਸਿਆ ਹੋਇਆ ਹੈ, ਦੁਬਾਰਾ ਕਦੇ ਵੀ ਨਹੀਂ ਮਿਲਿਆ। ਉਹ ਦਿਨ ਸਾਨੂੰ ਸਿੱਖਾਉਂਦੇ ਸਨ ਕਿ ਛੋਟੀਆਂ ਛੋਟੀਆਂ ਖੁਸ਼ੀਆਂ ਲਈ ਕਿਸੇ ਵੱਡੀ ਦੌਲਤ ਦੀ ਲੋੜ ਨਹੀਂ ਹੁੰਦੀ। ਸਕੂਲ ਸਿਰਫ ਪੜਨ ਦੀ ਜਗ੍ਹਾ ਹੀ ਨਹੀਂ ਸੀ, ਇਹ ਸਾਨੂੰ ਜਿੰਦਗੀ ਦੇ ਸੱਚੇ ਸਬਕ ਨੂੰ ਸਿੱਖਾਉਣ ਵਾਲਾ ਇੱਕ ਮੰਦਿਰ ਵੀ ਸੀ। ਜਿਥੇ ਸਾਨੂੰ ਦੋਸਤਾਂ ਦੀ ਅਸਲ ਪਛਾਣ, ਅਧਿਆਪਕਾਂ ਦੀ ਇੱਜ਼ਤ ਕਰਨੀ ਅਤੇ ਇਕ ਆਦਰਸ਼ ਮਨੁੱਖ ਬਣਨ ਦਾ ਰਸਤਾ ਸਮਝਾਇਆ ਗਿਆ। ਅੱਜ, ਜਦੋਂ ਮੈਂ ਉਸ ਜਗ੍ਹਾ 'ਤੇ ਮੁੜ ਗਿਆ, ਮੈਂ ਮਹਿਸੂਸ ਕੀਤਾ ਕਿ ਇਹ ਸਿਰਫ ਮੇਰੀ ਪਛਾਣ ਦੀ ਹੀ ਜਗ੍ਹਾ ਨਹੀਂ, ਬਲਕਿ ਜਿੰਦਗੀ ਦੇ ਅਸਲੀ ਸਬਕਾਂ ਦੀ ਅਹਿਮੀਅਤ ਸਮਝਾਉਣ ਵਾਲਾ ਕੇਂਦਰ ਬਿੰਦੂ ਵੀ ਸੀ। ਜਿਵੇਂ ਜਿਵੇਂ ਮੈਂ ਇੱਥੇ ਅੱਗੇ ਵਧਦਾ ਗਿਆ, ਹਰ ਕੋਨਾ, ਹਰ ਕਮਰਾ, ਹਰ ਜਗ੍ਹਾ ਇੱਕ ਪੁਰਾਣੀ ਕਹਾਣੀ ਦੱਸਦਾ ਰਿਹਾ। ਇਹ ਉਹ ਯਾਦਾਂ ਸਨ ਜਿੰਨ੍ਹਾ ਨੂੰ ਮੈ ਵਿਰਾਸਤ ਵਾਂਗੂ ਸਾਂਭੀ ਬੈਠਾ ਸੀ ।ਸਮੇਂ ਦੀ ਪਕੜ ਵਿੱਚ, ਅਸੀਂ ਅਕਸਰ ਇਹ ਨਹੀਂ ਸਮਝਦੇ ਕਿ ਜਿਹੜਾ ਵਕਤ ਅਸੀਂ ਬਿਤਾ ਰਹੇ ਹਾਂ, ਉਹ ਅਸਲ ਵਿੱਚ ਕਿੰਨਾ ਖਾਸ ਹੈ। ਜਦੋਂ ਉਹ ਦੌਰ ਚਲਾ ਜਾਂਦਾ ਹੈ, ਤਦ ਉਹ ਪਲ ਸੋਨੇ ਵਰਗਾ ਕੀਮਤੀ ਲੱਗਦਾ ਹੈ ਪਰ ਨਾ ਤੇ ਉਹ ਦਿਨ ਵਾਪਿਸ ਆਉਂਦੇ ਹਨ, ਨਾ ਹੀ ਸਾਨੂੰ ਉਹ ਅਧਿਆਪਕ ਮਿਲਦੇ ਹਨ ਅਤੇ ਨਾ ਹੀ ਉਹ ਮਿੱਤਰ ਪਿਆਰੇ। ਜਿੰਨ੍ਹਾਂ ਦੀ ਭੂਮਿਕਾ ਸਾਡੀ ਜ਼ਿੰਦਗ.ੀ 'ਚ ਬਹੁਤ ਵੱਡੀ ਹੁੰਦੀ ਹੈ। ਸਕੂਲ ਦੇ ਪੁਸਤਕ ਘਰ 'ਚ ਖੜਾ ਮੈਂ ਆਪਣੇ ਬੀਤੇ ਦਿਨਾਂ ਨੂੰ ਯਾਦ ਕਰਦੇ ਹੋਏ ਸੋਚ ਰਿਹਾ ਸੀ, ਕਾਸ਼ ! ਉਹ ਦਿਨ ਇੱਕ ਵਾਰ ਫੇਰ ਮੁੜ ਆਉਣ।

**- ਬਲਦੇਵ ਸਿੰਘ ਬੇਦੀ, ਜਲੰਧਰ**